*ਸੰਪਾਦਕੀ*

# ਤੰਗ ਹੋਏ ਬਾਜ਼ਾਰ

ਕੋਈ ਬੰਦਾ 24 ਘੰਟੇ ਆਪਣੇ ਘਰ ਦੇ ਅੰਦਰ ਡੱਕਿਆ ਨਹੀਂ ਰਹਿ ਸਕਦਾ। ਆਦਮੀ ਸਮਾਜਿਕ ਜੀਵ ਹੈ ਅਤੇ ਮਨੁੱਖ ਜਾਤੀ ਦੀ ਇੱਕ ਦੂਸਰੇ ਉਪਰ ਨਿਰਭਰਤਾ ਜ਼ਿੰਦਗੀ ਨੂੰ ਪਟੜੀ ਤੇ ਚਲਾਉਣ ਲਈ ਆਵੱਸ਼ਕ ਹੈ। ਆਪਣੀਆਂ ਲੋੜਾਂ ਦੀ ਪੂਰਤੀ ਲਈ ਵਿਅਕਤੀ ਘਰੋਂ ਬਾਹਰ ਨਿਕਲਦਾ ਹੈ ਤਾਂ ਉਸ ਦਾ ਸਿੱਧਾ ਸਾਹਮਣਾ ਸੜਕ ਨਾਲ ਹੁੰਦਾ ਹੈ, ਇਹੋ ਸੜਕ ਕਿਸੇ ਬਾਜ਼ਾਰ ਵੱਲ, ਕਿਸੇ ਸਕੂਲ ਵੱਲ, ਕਿਸੇ ਧਾਰਮਿਕ ਸਥਾਨ ਵੱਲ ਜਾਂ ਹੋਰ ਸਥਾਨਾਂ ਵੱਲ ਵਿਅਕਤੀ ਦੀ ਅਗਵਾਈ ਕਰਦੀ ਹੈ। ਪੁਰਾਣੇ ਸਮਿਆਂ ਵਿੱਚ ਕੱਚੇ ਰਾਹਾਂ 'ਤੇ ਪਾਂਧੀ ਪੰਧ ਮੁਕਾਉਂਦੇ ਸਨ, ਫਿਰ ਸਾਇਕਲ ਆ ਗਿਆ। ਤਕਨੀਕ ਦੀ ਪ੍ਰਗਤੀ ਨਾਲ ਸਕੂਟਰ, ਮੋਟਰ ਸਾਈਕਲ, ਸੜਕਾਂ ਤੇ ਦੌੜਨ ਲੱਗੇ ਅਤੇ ਨਾਲ ਹੀ ਕਾਰਾਂ ਦਾ ਹੜ੍ਹ ਆ ਗਿਆ ਅਤੇ ਹੁਣ ਵੱਡੇ-ਵੱਡੇ ਟਿੱਪਰ ਆਮ ਹੀ ਸਾਰੀ ਸੜਕ ਮੱਲੀ ਜਾਂਦੇ ਵੇਖੇ ਜਾ ਸਕਦੇ ਹਨ। ਜਦ ਨਵੀਆਂ-2 ਕਾਰਾਂ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਕਾਰ ਚਲਾਉਣ ਤੋਂ ਪਹਿਲਾਂ ਸਾਵਧਾਨੀਆਂ ਵੀ ਵਿਚਾਰੀਆਂ ਜਾਂਦੀਆਂ ਸਨ।

ਅੱਜ ਕੱਲ੍ਹ ਬਾਜ਼ਾਰ ਰੈਡੀਮੇਡ ਵਸਤਾਂ ਦਾ ਭਰਵਾਂ ਦ੍ਰਿਸ਼ ਪੇਸ਼ ਕਰਦੇ ਹਨ। ਬਾਜ਼ਾਰ ਵਿੱਚ ਜਿੱਥੇ ਕਰਿਆਨਾ ਸਟੋਰ ਹਨ, ਉਥੇ ਪਹਿਨਣ ਲਈ ਰੈਡੀਮੇਡ ਅਤੇ ਹੋਰ ਵਸਤਰ ਵੱਡੀ ਵਰਾਇਟੀ ਵਿੱਚ ਉਪਲਬੱਧ ਹਨ, ਸਿਹਤ ਨਾਲ ਜੁੜੇ ਮੈਡੀਕਲ ਸਟੋਰ ਹਨ। ਇਸ ਲਈ ਹਰ ਵਿਅਕਤੀ ਦਾ ਬਾਜ਼ਾਰ ਬਿਨਾਂ ਸਰਦਾ ਹੀ ਨਹੀਂ। ਪਰ ਅੱਜ ਦੀ ਤਰੀਕ ਵਿੱਚ ਬਾਜ਼ਾਰ ਮਾਨਸਿਕ ਤਨਾਓ ਦਾ ਸਰੋਤ ਬਣ ਰਹੇ ਹਨ। ਇਸ ਪਿੱਛੇ ਮੁੱਖ ਕਾਰਨ ਹੈ - ਟਰੈਫਿਕ ਸਮੱਸਿਆ। ਲਾਪਰਵਾਹ ਲੋਕਾਂ ਦੇ ਹੱਥਾਂ ਵਿੱਚ ਸਟੇਰਿੰਗ ਹਨ। ਇਹ ਥੋੜੇ ਪੜ੍ਹੇ ਲਿਖੇ ਲੋਕ ਕਾਰ ਨੂੰ ਲਾਕ ਕਰਕੇ ਕਿਸੇ ਦੁਕਾਨ ਵਿੱਚ ਹਾਜ਼ਰੀ ਭਰਨ ਚਲੇ ਜਾਂਦੇ ਹਨ, ਮਗਰੋਂ ਭੁੱਲ ਜਾਂਦੇ ਹਨ ਕਿ ਉਹਨਾਂ ਦੀਆਂ ਖੜੀਆਂ ਗੱਡੀਆਂ ਕਾਰਨ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ। ਸਕੂਟਰ, ਮੋਟਰ ਸਾਈਕਲਾਂ ਵਾਲੇ ਹਾਰਨਾਂ ਤੇ ਹਾਰਨ ਦੇਈ ਜਾਂਦੇ ਹਨ ਪਰ ਸੁਣੇ ਕੌਣ ? ਕੰਨਾਂ ਵਿੱਚ ਰੂੰ ਦੇ ਕੇ ਕਾਰਾਂ ਦੇ ਮਾਲਕ ਆਪਣੀ ਹੀ ਰੰਗੀਨ ਦੁਨੀਆਂ ਵਿੱਚ ਮਸਰੂਫ਼ ਹੋ ਜਾਂਦੇ ਹਨ। ਅੱਕੇ ਹੋਏ ਲੋਕ ਕਹਿੰਦੇ ਹਨ :



'ਇਹ ਗੱਡੀਆਂ ਵਾਲੇ ਗੱਡਿਆਂ ਤੇ ਹੀ ਫੱਬਦੇ ਹਨ। ਅੰਨ੍ਹੇ ਹੱਥ ਬਟੇਰ ਲੱਗ ਗਈ।'

ਲੋਕਾਂ ਦੇ ਰੌਲੇ ਰੱਪੇ ਵਿੱਚ ਬੁਲੇਟ ਮੋਟਰ ਸਾਈਕਲ ਦੇ ਪਟਾਕਿਆਂ ਦੀ ਆਵਾਜ਼ ਵੀ ਗੁਆਚ ਜਾਂਦੀ ਹੈ। ਪੈਦਲ ਤੁਰਨ ਵਾਲੇ ਕਾਰਾਂ ਅਤੇ ਦੋ ਪਹੀਆ ਵਾਹਨਾਂ ਨੂੰ ਟਿੱਚਰਾਂ ਕਰਦੇ ਹੋਏ ਆਪਣੇ ਘਰ ਪਹਿਲਾਂ ਪਹੁੰਚ ਜਾਂਦੇ ਹਨ।

ਸਭ ਤੋਂ ਮਾੜੀ ਉਹਨਾਂ ਲੋਕਾਂ ਨਾਲ ਹੁੰਦੀ ਹੈ ਜੋ ਕਿਸੇ ਸੀਰੀਅਸ ਹਾਲਤ ਵਾਲੇ ਮਰੀਜ਼ ਨੂੰ ਹਸਪਤਾਲ ਲਿਜਾ ਰਹੇ ਹੁੰਦੇ ਹਨ। ਕਿਸੇ ਮਰੀਜ਼ ਲਈ ਇੱਕ-ਇੱਕ ਪਲ ਹੀ ਜ਼ਿੰਦਗੀ ਅਤੇ ਮੌਤ ਲਈ ਫੈਸਲਾਕੁੰਨ ਹੁੰਦਾ ਹੈ। ਬਥੇਰੀਆਂ ਬਦ ਅਸੀਸਾਂ ਦਿੰਦੇ ਹਨ। ਰੇਹੜਿਆਂ ਨੂੰ ਖਿੱਚਣ ਵਾਲੇ ਘੋੜਿਆਂ ਦੇ ਹਿਣਕਣ ਦੀ ਆਵਾਜ਼, ਟਰੈਕਟਰ ਟਰਾਲੀਆਂ ਦੇ ਭਾਰੀ ਸ਼ੋਰ ਸ਼ਰਾਬੇ ਦੇ ਨਾਲ-2 ਚਲ ਰਹੇ ਗੀਤਾਂ ਦਾ ਵਾਵਰੋਲਾ ਸਮੁੱਚੇ ਬਾਜ਼ਾਰ ਦੇ ਮਾਹੌਲ ਨੂੰ ਨਰਕ ਬਣਾ ਦਿੰਦਾ ਹੈ। ਦੁਕਾਨਾਂ ਵਾਲਿਆਂ ਅੱਧੀ-2 ਸੜਕ ਮੱਲ ਕੇ ਟੋਹਰ ਨਾਲ ਆਪਣਾ ਸਮਾਨ, ਫਰੂਟ, ਸਬਜੀ ਵਗੈਰਾ ਲਗਾਈ ਹੋਈ ਹੁੰਦੀ ਹੈ ਅਤੇ ਟਰੈਫਿਕ ਰੂਲਜ਼ ਦਾ ਜਲੂਸ ਨਿਕਲ ਜਾਂਦਾ ਹੈ। ਪੁਲਿਸ ਪਤਾ ਨਹੀਂ ਕਿੱਥੇ ਇਕਾਂਤਵਾਸ ਹੋ ਚੁੱਕੀ ਹੁੰਦੀ ਹੈ, ਪ੍ਰਸ਼ਾਸਨ ਗੂੜ੍ਹੀ ਨੀਂਦ ਲੈ ਰਿਹਾ ਹੁੰਦਾ ਹੈ। ਆਮ ਸੜਕਾਂ ਤੇ ਰਾਤ ਨੂੰ ਚੱਲਣ ਵਾਲੇ ਟਿੱਪਰ ਵੀ ਹੁਣ ਤਾਂ ਦਿਨੇ ਵੀ ਹਰਲ-2 ਕਰਦੇ ਫਿਰਦੇ ਹਨ। ਇੱਕ ਦੂਜੇ ਤੋਂ ਅੱਗੇ ਲੰਘਣ ਦੇ ਆਹਰ ਵਿੱਚ ਐਕਸੀਡੈਂਟ ਹੁੰਦੇ ਹਨ, ਘਸੁੰਨ ਵੀ ਚਲਦੇ ਹਨ। ਪ੍ਰਸ਼ਾਸਨ ਦਾ ਫਰਜ਼ ਬਣਦਾ ਹੈ ਕਿ ਉਹ ਸੜਕਾਂ ਤੇ ਲੱਗਣ ਵਾਲੇ ਜਾਮ ਖਤਮ ਕਰਵਾਉਣ ਲਈ ਲੋੜੀਂਦੇ ਕਦਮ ਚੁੱਕਣ।

**-ਪ੍ਰੋ. ਸਤਿੰਵਦਰ ਬੇਗੋਵਾਲੀਆ**
**ਸੰਪਰਕ** 98154-65620

# ਕਾਵਿ ਸੰਸਾਰ

## ਦੀਵਾ ਤੂੰ ਬਾਲ ਬੀਬਾ

ਪ੍ਰੋ. ਕੁਲਵੰਤ ਔਜਲਾ

ਹਨ੍ਹੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ
ਬਲੂ ਦੀਵਾ ਤਾਂ ਪੰਘਰਨਗੇ ਧੁਰ ਅੰਦਰੋਂ ਖ਼ਿਆਲ ਬੀਬਾ
ਹਨ੍ਹੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਦੀਵੇ ਪੁਰਖਿਆਂ ਦੀ ਜਾਗਤ ਜੋਤ ਬੀਬਾ
ਦੀਵੇ ਚਾਨਣਾਂ ਦੇ ਸ਼ਾਇਰਾਨਾ ਸ੍ਰੋਤ ਬੀਬਾ
ਦੀਵੇ ਵੰਡਦੇ ਤਰੰਨੁਮ ਤੇ ਤਾਲ ਬੀਬਾ
ਹਨ੍ਹੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਦੀਵੇ ਬਲਣ ਨਾਲ ਮੁਸਾਫ਼ਿਰਾਂ ਨੂੰ ਰਾਹ ਮਿਲਦਾ
ਦੀਵੇ ਬਲਣ ਨਾਲ ਸੰਘਰਸ਼ਾਂ ਨੂੰ ਉਤਸ਼ਾਹ ਮਿਲਦਾ
ਦੀਵੇ ਊਰਜਾ ਦੀ ਕਾਵਿਕ ਮਸ਼ਾਲ ਬੀਬਾ
ਹਨ੍ਹੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਕੱਚੇ ਕੋਠਿਆਂ ਨੂੰ ਕਾਵਿਕ ਬਣਾ ਦੇਣ ਦੀਵੇ
ਕਠੋਰ ਵਕਤਾਂ ਨੂੰ ਭਾਵੁਕ ਬਣਾ ਦੇਣ ਦੀਵੇ
ਦੀਵੇ ਸੁਪਨਿਆਂ ਦੀ ਸੁਰਮਈ ਪਾਲ ਬੀਬਾ
ਹਨ੍ਹੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਦੀਵਿਆਂ ਦੀ ਰੌਸ਼ਨੀ ਵਿੱਚ ਰਾਤਾਂ ਜਾਪ ਕਰਦੀਆਂ
ਦੀਵਿਆਂ ਦੀ ਰੌਸ਼ਨੀ ਵਿੱਚ ਪਰਭਾਤਾਂ ਆਲਾਪ ਕਰਦੀਆਂ
ਸੂਰਜਵੰਤਾ ਦੀਵਿਆਂ ਦਾ ਜਾਹੋ ਜਲਾਲ ਬੀਬਾ
ਹਨ੍ਹੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਵਿਸ਼ਵਾਸ਼ ਨੂੰ ਮਘਦਾ ਰਖਦੀ, ਦੀਵਿਆਂ ਦੀ ਲੋਅ
ਇਤਿਹਾਸ ਨੂੰ ਜਗਦਾ ਰਖਦੀ ਦੀਵਿਆਂ ਦੀ ਲੋਅ
ਦੀਵੇ ਫੁਰਨਿਆਂ ਦੀ ਸਹਿਜ ਟਕਸਾਲ ਬੀਬਾ
ਹਨ੍ਹੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਲੰਬੀਆਂ ਉਦਾਸੀਆਂ ਦੀ ਭਟਕਣ ਤੇ ਭਾਲ ਵਿੱਚ
ਗ਼ਰਜ਼ਾਂ ਦੇ ਗੂੜ੍ਹੇ ਤੇ ਗਹਿਰੇ ਜੰਜਾਲ ਵਿੱਚ



ਦੀਵੇ ਤੁਰਦੇ ਰਹੇ ਹਮੇਸ਼ਾ ਨਾਲ ਨਾਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਅਨੇਕਾਂ ਆਏ ਤਾਨਾਸ਼ਾਹੀ ਨਾਲ ਚਾਨਣ ਨੂੰ ਮਿਣਨ ਵਾਲੇ
ਅਨੇਕਾਂ ਆਏ ਚਾਨਣ ਨੂੰ ਨੀਹਾਂ ਵਿੱਚ ਚਿਣਨ ਵਾਲੇ
ਚਾਨਣ ਮਘਦਾ ਰਿਹਾ ਪਰ ਹਰ ਹਾਲ ਬੀਬਾ
ਹਨ੍ਹੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ
ਦੀਵਾ ਬਲੂ ਤਾਂ ਪੰਘਰਨਗੇ ਧੁਰ ਅੰਦਰੋਂ ਖ਼ਿਆਲ ਬੀਬਾ

97, ਮਾਡਲ ਟਾਊਨ, ਕਪੂਰਥਲਾ
ਮੋ. 84377-88856

◆◆◆

## ਹਰਪ੍ਰੀਤ ਸਿੰਮੀ ਗੁਰਦਾਸਪੁਰ

ਮਾਸੂਮ ਚਿੜੀਆਂ ਨੋਚਦਾ ਇਨਸਾਨ ਹੈ।
ਹਰਗਿਜ਼ ਨਹੀਂ ਇਨਸਾਨ ਉਹ ਹੈਵਾਨ ਹੈ।

ਜਦ ਪੱਤ ਰੁਲਦੀ ਮੰਦਰਾਂ ਦੇ ਕੋਲ ਹੈ,
ਖਾਮੋਸ਼ ਹੀ ਰਹਿੰਦਾ ਹੈ ਕਿਉਂ ਭਗਵਾਨ ਹੈ ?

ਤਕਰਾਰ ਧਰਮਾਂ ਵਿੱਚ ਅਗਰ ਕਰਦੇ ਰਹੇ,
ਇਹ ਬੰਦਗੀ ਕਾਹਦੀ ਸਗੋਂ ਅਪਮਾਨ ਹੈ।

ਹੈ ਲੋਕ ਆਖਣ ਅਕਲ 'ਤੇ ਪਰਦਾ ਪਿਆ,
ਝੱਲਾ ਜਿਹਾ ਇਨਸਾਨ ਪਰ ਵਿਦਵਾਨ ਹੈ।

ਤੂੰ ਜੋੜ ਲੈ ਧਨ ਦੌਲਤਾਂ ਤੇ ਬੰਗਲੇ,
ਮਾਂ ਬਾਪ ਬਿਨ ਬੇਕਾਰ ਤੇਰੀ ਸ਼ਾਨ ਹੈ।

ਚਿੜੀਏ ਤੂੰ ਜੀ ਜਾਂ ਮਰ ਬਸ ਏਹੋ ਹਾਲ ਹੈ,
ਹੈ ਹਾਕਮਾਂ ਦੇ ਹੱਥ ਜਿੰਨ੍ਹਾਂ ਦੀ ਜਾਨ ਹੈ।

ਤੂੰ ਮੰਗ ਕੇ ਤਾਂ ਦੇਖ ਮੈਨੂੰ ਪਰਖ ਲੈ,
ਹਰ ਸਾਹ 'ਤੇ ਸਿੰਮੀ' ਤੇਰੇ 'ਤੇ ਕੁਰਬਾਨ ਹੈ।

8725836884

◆◆◆

## ਦਸਤਕ

ਡਾ. ਸਰਦੂਲ ਸਿੰਘ ਔਜਲਾ

'ਫੇਸ ਬੁੱਕ' ਤੇ 'ਵਟਸ ਐਪ' ਯੁੱਗ ਦੇ ਵਾਰਸੋ
ਭਰਮ ਜਾਲ ਵਿਚੋਂ ਬਾਹਰ ਤਾਂ ਆਓ
ਬੈਠ ਕੇ ਦੇਖੋ ਕਦੇ ਦਾਦੇ ਦਾਦੀ ਦੀ
ਮੋਹ ਭਰੀ ਨਿੱਘੀ ਗੋਦ ਵਿੱਚ
ਕਿੰਨਾ ਨਿੱਘ ਹੈ ਉਨ੍ਹਾਂ ਦੀ ਗਲਵੱਕੜੀ ਵਿੱਚ
ਕਿੰਨੀ ਠੰਢਕ ਹੈ ਤੁਹਾਡੇ ਸਿਰ ਉੱਤੇ ਫਿਰਦੇ ਉਹਨਾਂ ਦੇ ਹੱਥ ਵਿੱਚ
ਕਿਤੇ ਵੱਧ 'ਲਾਈਕ' ਕਰਦੇ ਨੇ ਉਹ
ਤੁਹਾਡੇ 'ਫੀਸਟ ਮਿੱਤਰ' ਦੀ ਮੰਡਲੀ ਨਾਲੋਂ ਤੁਹਾਨੂੰ
ਉਨ੍ਹਾਂ ਦੀਆਂ ਬਾਤਾਂ ਬੁਝਾਰਤਾਂ ਤਾਂ
ਕੁੱਖ਼ ਵਿੱਚ ਹੀ ਦਮ ਤੋੜ ਜਾਂਦੀਆਂ ਨੇ
ਤੁਹਾਡੇ ਸਮੇਂ ਦੀ ਦੀਵਾਰ ਅੱਗੇ
ਕੌਣ ਪੜਾਊ ਨੈਤਿਕਤਾ ਦਾ ਪਾਠ
ਕੌਣ ਸਮਝਾਊ ਕੜ੍ਹਦੇ ਦੁੱਧ ਅਤੇ ਬਣਦੇ ਗੁੜ੍ਹ ਦੀ ਪੱਤ ਵਿਚੋਂ
ਉਠਦੀ ਸੁਗੰਧੀ ਦਾ ਸੁਆਦ
'ਫੇਸ ਬੁੱਕ' ਤਾਂ ਚਿਹਰੇ ਦੀ ਕਿਤਾਬ ਹੈ
ਦਿਲ ਦੀ ਨਹੀਂ
'ਵਟਸ ਐਪ' ਤਾਂ ਖ਼ੁਦ ਸਵਾਲ ਹੈ
ਤੁਹਾਡੀਆਂ ਪੁੱਛਾਂ ਨੂੰ ਕਿਵੇਂ ਪਛਾਣੇਂਗਾ
ਜ਼ਿੰਦਗੀ ਦੇ ਸੱਚ ਤੋਂ ਮੂੰਹ ਮੋੜ ਕੇ
ਜ਼ਿੰਦਗੀ ਜੀਵੀ ਨਹੀਂ ਜਾ ਸਕਦੀ
ਕਦੇ ਪੜ੍ਹੋ ਭੈਣ ਨਾਨਕੀ ਦੀ ਰੀਝ ਦਾ ਬਿਰਤਾਂਤ
ਕਦੇ ਸੁਣੋ ਤੱਤੀ ਤਵੀ ਅਤੇ ਉਬਲਦੀ ਦੇਗ਼ ਦੀ ਆਵਾਜ਼
ਮਹਿਸੂਸ ਕਰੋ ਸਰਹੰਦ ਦੀ ਦੀਵਾਰ ਵਿਚ ਖਲੋਤੇ
ਬਾਲਾਂ ਦੀ ਜਾਗਦੀ ਜ਼ਮੀਰ ਦੀ ਆਹਟ
ਤੇ ਸੁਣੋ ਕਦੇ ਮਾਛੀਵਾੜੇ ਦੇ ਜੰਗਲ ਦਾ ਸੰਗੀਤ
ਕਦੇ ਚਾਚੀ, ਤਾਈ, ਮਾਸੀ, ਮਾਮੀ, ਭੂਆ ਵਰਗੇ
ਰਿਸ਼ਤਿਆਂ ਦੇ ਪਾਤਰ ਬਣੋ
ਸੁਹਾਗਾਂ ਅਤੇ ਘੋੜੀਆਂ ਦੀ ਮਿਠਾਸ ਨੂੰ
ਮਾਣੋ ਤਾਂ ਸਹੀ
ਫਿਰ ਦੇਖੋ ਐਪਸ ਦੀ ਨੀਰਸ ਦੁਨੀਆ ਵਿਚ
ਕਿਵੇਂ ਨਵੇਂ ਰੰਗ ਭਰਦੇ ਨੇ
ਤੇ ਤੁਸੀਂ ਭਰਿਆ ਭਰਿਆ ਮਹਿਸੂਸ ਕਰੋਗੇ

**ਪਿੰਡ ਤੇ ਡਾ. ਸੰਗੋਜਲਾ**
(**ਕਪੂਰਥਲਾ**) - 144804
ਮੋ. 98141-68611

◆◆◆

## ਐ ਬੰਦਿਓ

ਸੁਰਿੰਦਰ ਮੁਕਸੂਦਪੁਰੀ

'ਇਕ ਓਅੰਕਾਰ' ਨੂੰ ਭੁੱਲ ਵਿਸਾਰ
ਕਿਉਂ ਆਪਣਾ 'ਗੁਰੂ' ਧਿਆਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ
ਜਿਵੇਂ ਗੁਰੂਆਂ ਸਬਕ ਸਿਖਾਇਆ।
ਭਾਂਤ ਸੁਭਾਂਤੇ ਬਾਣੇ ਪਾ ਕੇ
'ਦੇਹ-ਧਾਰੀ' ਤੁਸੀਂ ਗੁਰੂ ਬਣਾ ਕੇ
'ਏਕੁ ਪਿਤਾ ਏਕਸ ਕੇ ਹਮ ਬਾਰਿਕ
ਮਹਾਂ ਵਾਕ ਨੂੰ ਮਨੋ ਭੁਲਾਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ......।

'ਮਨ ਮੁਖਤਾਈ' ਦੇ ਰਾਹ ਆਪਣਾ ਲਏ
ਮਨ ਮਰਜ਼ੀ ਦੇ ਸਵਾਂਗ ਰਚਾ ਲਏ
ਭੁੱਲ ਕੇ ਜੀਵਨ-ਪੰਧ ਸਚਿਆਰਾ
ਕਿਉਂ ਜਿਊਣਾ ਨਰਕ ਬਣਾਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ.....।

ਸਮਝੋ 'ਸ਼ਬਦ-ਸੁਰਤ' ਗੁਰਬਾਣੀ
ਸ਼ਬਦਾਂ ਦੀ ਲੋਅ ਸੱਚ-ਕਹਾਣੀ
'ਭਵ-ਸਾਗਰ' ਨੂੰ ਪਾਰ ਉਹ ਕਰ ਗਏ
ਜਿਨ੍ਹਾਂ ਇਹ ਸੱਚ ਅਜ਼ਮਾਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ....।

ਅੰਧ ਵਿਸ਼ਵਾਸ ਦੀ ਅੰਨ੍ਹੀ ਦੌੜ ਵਿੱਚ
ਰੱਬ ਨੂੰ ਪਾਉਣ ਦੀ ਲੱਗੀ ਹੋੜ ਵਿੱਚ
ਢੋਂਗੀ ਬਾਬੇ ਗਲ ਸੰਗ ਲਾ ਕੇ

'ਮਕਸੂਦਪੁਰੀ' ਕੇਹਾ ਕਾਜ ਰਚਾਇਆ
ਐ ਬੰਦਿਓ ਤੁਸੀਂ ਬੰਦੇ ਬਣ ਜਾਓ.....।

**234, ਸੁਦਰਸ਼ਨ ਪਾਰਕ**
**ਮਕਸੂਦਾਂ, ਜਲੰਧਰ-144021**
**ਮੋ. 99887-10234**

◆◆◆

## ਦਾਨ

**ਜਗਜੀਤ ਸਿੰਘ ਗੁਰਮ**

ਨਿੱਤ ਨਵੇਂ ਬਹਾਨੇ ਲਾਵੇ ਉਹ।
ਨਿੱਤ ਝੋਲੀ ਅੱਡ ਕੇ ਆਵੇ ਉਹ।
ਉਹ ਭੋਲਿਆਂ ਨੂੰ ਭਰਮਾਉਂਦਾ ਏ।
ਦਿਉ ਦਾਨ ਦਾ ਹੁਕਮ ਸੁਣਾਉਂਦਾ ਏ।
ਸਭ ਝੋਲੀ ਖਾਲੀ ਕਰਦੇ ਨੇ।
ਬਸ ਉਹਦੀ ਝੋਲੀ ਭਰਦੇ ਨੇ।
ਉਸ ਗੱਲ ਦਾਨ ਦੀ ਤੋਰੀ ਹੈ।
ਭੋਲੇ ਟੋਲੇ ਨਾ ਮੋੜੀ ਹੈ।
ਉਹ ਖੂਨ ਦਾਨ ਦਾ ਮੰਗਦਾ ਹੈ।
ਅੰਗ ਮੰਗਦਾ ਉਹ ਨਾ ਸੰਗਦਾ ਹੈ।
ਅੰਗ ਮਹਿੰਗਾ ਮਹਿੰਗਾ ਵਿਕਦਾ ਹੈ।
ਤਾਂ ਧੰਨ ਤਿਜੌਰੀ ਟਿਕਦਾ ਹੈ।
ਸਵਰਗ ਦਾ ਲਾਰਾ ਲਾਵੇ ਉਹ।
ਕੰਮ ਸਾਰਾ ਮੁਫ਼ਤ ਕਰਾਵੇ ਉਹ।
ਉਹ ਬੋਲ ਬਾਬੇ ਦਾ ਭੁੱਲ ਗਿਆ।
ਇੱਕ ਪੈਸੇ ਉਤੇ ਡੁੱਲ ਗਿਆ।
ਜਦ ਬਾਬੇ ਬੋਲ ਸੁਣਾਇਆ ਸੀ।
ਬਾਬਰ ਨੂੰ ਪਾਪ ਸਦਾਇਆ ਸੀ।
ਸੁਣ ਭੋਲਿਆ ਲੋਕਾਂ ਗੱਲ ਮੇਰੀ।
ਇਹ ਲਾਹੁੰਦੇ ਸਾਰੇ ਖਲ ਤੇਰੀ।
ਕਦੇ ਆਪਣੀ ਸੋਚ ਵੀ ਕਰਿਆ ਕਰ।
ਇਹ ਕੁਝ ਨਹੀਂ ਨਾ ਡਰਿਆ ਕਰ।
ਤੂੰ ਮਿਹਨਤੀ ਹੈ ਘਰ ਨੂੰ ਮੁੜ ਆ।
ਆਪਣੇ ਹੀ ਘਰ ਨੂੰ ਸਵਰਗ ਬਣਾ।
ਕਿਸ ਲੋੜ ਵੰਦ ਦੀ ਬਾਂਹ ਫੜ ਲਈ।



ਕਿਤੇ ਲਿਖਿਆ 'ਗੁਰਮ' ਦਾ ਤੂੰ ਪੜ੍ਹ ਲਈ।
ਇਹ ਚੋਰ ਨੇ ਦੂਰ ਭਜਾਈ ਜਾ।
ਚਲ ਆਪਣੇ ਰਾਹ ਰੁਸ਼ਨਾਈ ਜਾ

**ਮ.ਨੰ. 1008/29/2, ਗਲੀ ਨੰ. 8**
**ਬਾਲ ਸਿੰਘ ਨਗਰ, ਜੋਧੇਵਾਲ ਬਸਤੀ,**
**ਲੁਧਿਆਣਾ।**

◆◆◆

## ਨਵਾਂ ਵਰ੍ਹਾ

**ਰਾਜਿੰਦਰ ਵਰਮਾ**

ਨਵਾਂ ਵਰ੍ਹਾ
ਚੜ੍ਹ ਆਇਆ ਏ
ਬੀਤ ਗਿਆ ਏ
2024
ਅਤੇ ਆ ਗਿਐ
2025
ਕੀ ਹੋਵੇਗਾ ਭਲਾ,
ਨਵੇਂ ਵਰ੍ਹੇ ਵਿੱਚ ?

ਕੁੱਝ ਬਦਲੇਗਾ
ਨਹੀਂ
ਕੁੱਝ ਵੀ ਨਹੀਂ
ਬਦਲੇਗਾ
ਉਹੀਓ,
ਲੁੱਟ-ਖਸੁੱਟ
ਮਾਰ-ਕੁਟਾਈ
ਜ਼ਬਰ ਜਨਾਹ-
ਸਭ ਕੁਝ ਉਹੀਓ
ਰਹੇਗਾ
ਬੀਤੇ ਗਏ
2024 ਵਾਂਗ
ਫੇਰ ਕੀ ਬਦਲੇਗਾ
ਇੱਕ ਅੰਕ
ਸਿਰਫ਼

ਇੱਕ ਅੰਕ
4 ਦੀ ਜਗ੍ਹਾ
5 ਹੋ ਜਾਏਗਾ
2024 ਚਲਾ ਜਾਏਗਾ
2025 ਆ ਜਾਏਗਾ

ਆਓ,
ਕੁੱਝ ਨਵਾਂ ਕਰੀਏ,
ਨਵੀਂ ਉਮੰਗ
ਨਵੀਂ ਤਰੰਗ
ਭਰੀਏ
ਨਵੇਂ ਵਰ੍ਹੇ ਵਿੱਚ
ਫੇਰ ਹੀ ਆਖਾਂਗੇ
ਨਵਾਂ ਵਰ੍ਹਾ
ਮੁਬਾਰਕ,
ਮੇਰੇ ਦੋਸਤ
ਮੇਰੇ ਪਿਆਰੇ ਦੋਸਤ

99142-21910

◆◆◆

## ਓ ਸਾਥੀਆ ਸੰਭਲ ਲੈ ਵੇਲਾ, ਕੋਹਾਂ ਦੂਰ ਟਿਕਾਣਾ ਏ

-ਸੁਖਦੇਵ ਸਿੱਧੂ

ਓ ਸਾਥੀਆ ਸੰਭਲ ਲੈ ਵੇਲਾ, ਕੋਹਾਂ ਦੂਰ ਟਿਕਾਣਾ ਏ।
ਗਲ਼ਵਾਂ ਫੜਕੇ 'ਨੇਰੇ ਦਾ ਅਗਾਂਹ ਨੂੰ ਵਧਦੇ ਜਾਣਾ ਏ।

ਸੰਗਰਾਮ ਉਡੀਕਾਂ ਕਰਦਾ ਹੈ, ਜਿੱਤ ਦੀ ਸ਼ਾਹਦੀ ਭਰਦਾ ਹੈ,
ਕੋਈ ਤਾਂ ਸਾਣ ਚੜ੍ਹਾ ਦੇਵੋ, ਹੋ ਬੇਬੱਸ ਤਰਲੇ ਕਰਦਾ ਹੈ,
ਪੱਥਰ ਕਦ ਤੱਕ ਡੋਲਣਗੇ, ਕਦੋਂ ਜੁਬਾਨਾਂ ਖੋਹਲਣਗੇ,
ਫੜ ਫੜ ਕੰਧਾਂ ਤੁਰਦੇ ਹੋ, ਪਲ ਪਲ ਜੀਉਂਦੇ ਮੁਰਦੇ ਹੋ,
ਖਲਕਤ ਕਿਸਮਤ ਨੂੰ ਕੋਸੇ ਕੈਸਾ ਵਰਤਿਆ ਭਾਣਾ ਏ...

ਧੌਂਸ ਨਿਜ਼ਾਮ ਦੀ ਕਿਉਂ ਸਹੀਏ, ਓਹਦੇ ਪੈਰੀਂ ਕਿਉਂ ਪਈਏ ?
ਅਸੀਂ ਜ਼ਾਮੀਰਾਂ ਦੇ ਮਾਲਕ, ਉਹਨੂੰ ਰਹਿਬਰ ਕਿਉਂ ਕਹੀਏ,
ਲਾਸ਼ਾਂ ਅਣਪਛਾਤੀਆਂ ਨੇ ਮਾਵਾਂ ਪਿੱਟਦੀਆਂ ਛਾਤੀਆਂ ਨੇ,
ਹੋ ਰਹੇ ਜ਼ੁਲਮ ਘਨੇਰੇ ਨੇ, ਫਿਰ ਵੀ ਵੱਡੇ ਜੇਰੇ ਨੇ,
ਸਰਘੀ ਨੱਚਦੀ ਆਵੇਗੀ, ਇਹੋ ਵਚਨ ਨਿਭਾਉਣਾ ਏ ...



ਅਡਾਨੀ ਅੰਬਾਨੀ ਉੱਗ ਰਹੇ ਨੇ, ਬਿਰਲੇ ਟਾਟੇ ਉੱਠ ਰਹੇ ਨੇ,
ਕਰੋੜੀ ਕਰ ਕਰਕੇ ਘੁਟਾਲੇ, ਧਰਤੀ ਤੇ ਖੌਰੂ ਪੁੱਟ ਰਹੇ ਨੇ,
ਇਤਿਹਾਸ ਅਗਵਾਈ ਦੇ ਜਾਵੇ, ਵਕਤ ਨੂੰ ਝੰਜੋੜਕੇ ਹਿਲਾਵੇ,
ਹਰ ਕੁਰਬਾਨੀ ਨਾ ਭੁੱਲ ਜਏ, ਇੱਜਤ ਘੱਟੇ ਚ ਨਾ ਰੁਲ ਜਏ,
ਕਿਰਤੀ ਸੁਖੀ ਵਸਾਵਾਂਗੇ, ਖੇੜਾ ਮੋੜ ਲਿਆਉਣਾ ਹੈ ...

ਚੱਲ ਰਹੇ ਸਾਹ ਵੀ ਰੁਕਣ ਨਾ ਸਭਿਆਚਾਰ ਵੀ ਸੁੱਕਣ ਨਾ,
ਭਜਾਈਏ ਹਰ ਥਲਾਵਾਂ ਨੂੰ, ਮੁੜ ਮੁੜ ਬਾਗਾਂ 'ਚ ਢੁੱਕਣ ਨਾ,
ਜੇ ਗੁਲਾਮੀ ਸੰਗਲ ਟੁੱਟਣਗੇ, ਝਗੜੇ ਝੇੜੇ ਵੀ ਮੁੱਕਣਗੇ,
ਨੁਕਸ ਹਿਟਲਰੀ ਨੀਤਾਂ 'ਚ, ਨਾਲੇ ਮੁਨਸਫੀ ਬਦਨੀਤਾਂ 'ਚ,
ਲਾਈਏ ਹਟ ਹਟਕੇ ਝਟਕੇ, ਪਰਚਮ ਨੇ ਹੋਣਾ ਦਿਖਾਉਣਾ ਹੈ ...

ਪਿੰਡ ਤੇ ਡਾ. ਸਿੱਧਵਾਂ ਦੋਨਾ
ਜ਼ਿਲ੍ਹਾ ਕਪੂਰਥਲਾ-144625
ਮੋ. 98886-33481

◆◆◆

# ਗ਼ਜ਼ਲ ਸੱਥ

ਸੀਤਲ ਸਿੰਘ ਗੁੰਨੋਪੁਰੀ

ਕਿਸੇ ਦੇ ਤੁਹਮਤੀ ਬੋਲਾਂ ਨੂੰ ਸਹਿਣਾ ਬਹੁਤ ਔਖੈ।
ਬੇਹੂਦਾ ਬੰਦਿਆਂ ਦੇ ਨਾਲ ਰਹਿਣਾ ਬਹੁਤ ਔਖੈ।

ਜਿਨ੍ਹਾਂ ਨੇ ਅੱਧ-ਪਚੱਧੀ ਗੱਲ ਨੂੰ ਸੁਣ ਕੇ ਭੁੜਕ ਪੈਣੈ,
ਉਨ੍ਹਾਂ ਸਹਿਕਰਮੀਆਂ ਨੂੰ ਕੁਝ ਵੀ ਕਹਿਣਾ ਬਹੁਤ ਔਖੈ।

ਗੁਜਾਰੀ ਉਮਰ ਜਿਹਨਾਂ ਉਡਦਿਆਂ ਹੀ ਅੰਬਰਾਂ 'ਤੇ,
ਉਨ੍ਹਾਂ ਦੇ ਵਾਸਤੇ ਧਰਤੀ ਤੇ ਲਹਿਣਾ ਬਹੁਤ ਔਖੈ।

ਪੁਆੜੇ ਪਿੰਡ 'ਚ ਪਾਉਣੇ ਹੋਣ ਜਿਹਨਾਂ ਲੁਤਰਿਆਂ ਨੇ।
ਉਨ੍ਹਾਂ ਦਾ ਆਪਣੇ ਘਰ ਟਿਕ ਕੇ ਬਹਿਣਾ ਬਹੁਤ ਔਖੈ।

ਜਿਨ੍ਹਾਂ ਦੇ ਕੋਲ ਹੋਵਣ ਘੁਲਣ ਦੇ ਦਾਅਪੇਚ ਸਾਰੇ,
ਅਖਾੜੇ ਵਿਚ ਉਨ੍ਹਾਂ ਮੱਲਾਂ ਦਾ ਢਹਿਣਾ ਬਹੁਤ ਔਖੈ।

ਪਰਾਇਆਂ ਦੀ ਨਜ਼ਰ ਚੜ੍ਹਨਾ ਬੜਾ ਸੌਖਾ ਹੈ 'ਸੀਤਲ',
ਮਗਰ ਅਪਣੇ ਕਿਸੇ ਦੇ ਦਿਲ 'ਚ ਲਹਿਣਾ ਬਹੁਤ ਔਖੈ।

**ਗੋਲਡਨ ਐਵੀਨਿਊ,**
**ਮੇਹਰ ਚੰਦ ਰੋਡ, ਗੁਰਦਾਸਪੁਰ**

◆◆◆

## ਪ੍ਰਤਾਪ 'ਪਾਰਸ' ਗੁਰਦਾਸਪੁਰੀ

ਬੁਜ਼ਦਿਲ ਆਪਣੇ ਸਾਲ ਤਾਂ ਪੂਰੇ ਕਰ ਜਾਂਦੈ।
ਬੰਦਾ ਤੇ ਕਿਰਦਾਰ ਮਰੇ ਤੋਂ ਮਰ ਜਾਂਦੈ।
ਆਦਤ ਜਿਸ ਨੂੰ ਮਖ਼ਮਲ ਉਤੇ ਚੱਲਣ ਦੀ,
ਕੰਡਿਆਂ ਦਾ ਉਹ ਨਾਂ ਸੁਣ ਕੇ ਹੀ ਡਰ ਜਾਂਦੈ।
ਛੱਡੇ ਬੰਦਾ ਮਗਰ ਵਸੀਅਤ ਸੋਚਾਂ ਦੀ,
ਅਕਲ ਵਿਹੂਣਾ ਛੱਡ ਕੇ ਪਿੱਛੇ ਘਰ ਜਾਂਦੈ।
ਹਿੰਮਤ ਰੱਖਦੈ ਬੰਦਾ ਹੀ ਸਿਰ ਚੁੱਕਣ ਦੀ,
ਝੁੱਡੂਆਂ ਦਾ ਤੇ ਨੀਵੀਂ ਪਾ ਵੀ ਸਰ ਜਾਂਦੈ।
ਓਸ ਰੱਬ ਨੂੰ ਰੱਬ ਹੀ ਮੰਨਣਾ ਬਣਦਾ ਨਹੀਂ,
ਹਰ ਵਾਰੀ ਜੋ ਭਰਿਆਂ ਨੂੰ ਹੀ ਭਰ ਜਾਂਦੈ।
ਮੈਂ ਕਿੰਜ ਮੰਨਾ ਰਹਿਮਤ ਇਸ ਨੂੰ ਮੌਲਾ ਦੀ,
ਜੇਕਰ ਬੱਦਲ ਸਾਗਰ 'ਤੇ ਹੀ ਵਰ੍ਹ ਜਾਂਦੈ।
ਹੋ ਨਾ ਸਕਦਾ ਵੈਰੀ ਰਹਿਬਰ ਚਾਨਣ ਦਾ
ਰਹਿਬਰ ਉਹ ਜੋ ਨ੍ਹੇਰ 'ਚ ਦੀਵਾ ਧਰ ਜਾਂਦੈ।
ਗੱਲ ਲਿਖਾਂ ਮੈਂ 'ਪਾਰਸ' ਵਰਗੀ ਹੋਵੇ ਜੋ,
ਵਰਕੇ ਤਾਂ 'ਪ੍ਰਤਾਪ' ਵੀ ਕਿੰਨੇ ਭਰ ਜਾਂਦੈ।

787/10 ਪ੍ਰੇਮ ਨਗਰ,
**ਹਰਦੋਛੰਨੀ ਰੋਡ ਗੁਰਦਾਸਪੁਰ।**
**ਫੋਨ** 9988811681

◆◆◆

## ਭੁਪਿੰਦਰ ਸੰਧੂ

ਇਸ਼ਕੇ ਦੀ ਗਾਥਾ ਗਾਓ।
ਸਾਂਝਾਂ ਦਾ ਗੀਤ ਸੁਣਾਓ।
ਚਾਨਣ ਦੇ ਆਸ਼ਿਕ ਬਣ ਕੇ,



ਦੁਨੀਆਂ 'ਚੋਂ ਨੇਰ੍ਹ ਮਿਟਾਓ
ਦਰਦੀਲੇ ਗੀਤਾਂ ਨੂੰ ਹੁਣ
ਹੋਠਾਂ ਤੱਕ ਲੈ ਕੇ ਆਓ।
ਜਿਸ ਦੀ ਦਿਲ ਹਾਮੀ ਭਰਦੈ
ਯਾਰੋ! ਉਹ ਫਰਜ਼ ਨਿਭਾਓ।
ਅੱਜ ਮਹਿਫ਼ਿਲ ਬੇ-ਰੌਣਕ ਹੈ,
ਮਹਿਫ਼ਿਲ ਵਿੱਚ ਨੂਰ ਖਿੰਡਾਓ।
ਤੀਰਾਂ ਨੇ ਦਿਲ ਬਿੰਨ ਦਿੱਤੈ,
ਕੋਈ ਤਾਂ ਦਰਦ ਵੰਡਾਓ।
ਰੋਂਦ ਨੇ ਮਅਸੂਮ ਬੜੇ,
ਸੰਧੂ! ਚੁੱਕ ਗੋਦ ਖਿਡਾਓ.

26118, **ਗਲੀ ਨੰ. ਢਾਈ**
**ਬਠਿੰਡਾ**-151001
ਮੋ. 96461-08157

◆◆◆

## ਨਾਇਬ ਸਿੰਘ ਸੈਂਪਲੇ

ਕਿਸ ਨੂੰ ਹੈ, ਕਿਸ ਦੀ ਪਰਵਾਹ।
ਹੁੰਦੇ ਨੇ, ਹਰ ਰੋਜ਼ ਗੁਨਾਹ।
ਆਪੇ ਹੀ ਮਜ਼ਲੂਮ ਤੇ ਮੁਲਜ਼ਮ,
ਆਪ ਹੀ ਮੁਨਸਿਫ਼ ਆਪ ਗਵਾਹ।
ਸੋਚਾਂ, ਕਿੱਧਰ ਜਾਵਾਂ ਹੁਣ,
ਮੰਦਿਰ, ਗੁਰੂ ਘਰ ਜਾਂ ਦਰਗਾਹ?
ਨੇਤਾ ਹੈ, ਘਰ ਦਾ ਹਰ ਜੀ,
ਕਿਸ ਦਾ ਦੱਸੋ ਕਰਾਂ ਵਸਾਹ?
ਰੁੱਖ ਨਾਲ ਨਾ, ਲੋਥ ਜਲਾਇਓ,
ਮੇਰਾ ਕਰਿਓ ਜਲ-ਪ੍ਰਵਾਹ।
ਸਾਡੇ ਬਿਨ ਰੁੱਖ ਜੀਣਗੇ ਪਰ,
ਇਨ੍ਹਾਂ ਬਿਨ ਨਾ 'ਸੈਂਪਲੇ' ਸਾਹ।
ਮੋ. 98724-05203

◆◆◆

## ਜਨਪ੍ਰੀਤ ਬੇਗੋਵਾਲ

ਤਵਾਇਫ਼ ਆਖ ਕੇ ਮੈਨੂੰ ਦਿਨੇ ਦੁਰਕਾਰਦਾ ਫਿਰਦੈਂ।
ਤੇ ਰਾਹੀਂ ਮੇਰੀਆਂ ਗ਼ਲੀਆਂ ਦੇ ਗੇੜੇ ਮਾਰਦਾ ਫਿਰਦੈਂ।
ਮੈਂ ਤਾਂ ਟੁੱਟੇ ਦਿਲਾਂ ਤਾਈਂ ਹਮੇਸ਼ਾਂ ਆਸਰਾ ਦਿੱਤਾ।

ਜ਼ਰਾ ਕਰ ਹੌਂਸਲਾ ਐਵੇਂ ਤੂੰ ਕਾਹਤੋਂ ਹਾਰਦਾ ਫਿਰਦੈਂ।
ਕਿਵੇਂ ਦਾ ਧਰਮ ਹੈ ਤੇਰਾ ਕਿਵੇਂ ਦਾ ਕਰਮ ਹੈ ਤੇਰਾ ?
ਉਸੇ ਨੂੰ ਕਤਲ ਕਰ ਦਿੰਦੈ ਤੂੰ ਜਿਸਨੂੰ ਪਿਆਰਦਾ ਫਿਰਦੈਂ।

ਕਿਨਾਰੇ ਸਾਂਭ ਕੇ ਰੱਖਦੇ ਕਲਾਵਾ ਭਰ ਕੇ ਨੇ ਤੈਨੂੰ,
ਬੜਾ ਮੂੰਹ ਜ਼ੋਰ ਤੂੰ ਦਰਿਆ ਉਹਨਾਂ ਨੂੰ ਖ਼ ਾਰਦਾ ਫਿਰਦੈਂ।
ਤੇਰਾ ਬਿਮਾਰ ਹੈ ਦਿਲ ਜਾਹ ਇਲਾਜ ਕਰਾ ਲੈ ਇਸਦਾ,
ਬਿਗਾਨੀ ਨਾਰ ਤੋਂ ਜੋ 'ਪ੍ਰੀਤ' ਦਿਲ ਤੂੰ ਵਾਰਦਾ ਫਿਰਦੈਂ।

**ਵਾਰਡ ਨੰ. 3**
**ਪਿੰਡ ਤੇ ਡਾ. ਬੇਗੋਵਾਲ**
(**ਕਪੂਰਥਲਾ**) 144621
ਮੋ. 98769-44703

◆◆◆

## ਰਾਜ਼ ਗੁਰਦਾਸਪੁਰੀ

ਰਾਜ ਪੜੋਸੀ ਰਸਤਾ ਡੱਕੇ ਖਾਹ ਮਖਾਹ।
ਕਿਰਸਾਨਾਂ ਨੂੰ ਮਾਰੇ ਧੱਕੇ ਖਾਹ ਮਖਾਹ।

ਹਾਕਮ ਹੁਕਮ ਚਲਾਵੇ ਫੌਜੀ ਦਸਤੇ 'ਤੇ ,
ਦੁਸ਼ਮਣ ਬਣ ਕੇ ਸਾਨੂੰ ਤੱਕੇ ਖਾਹ ਮਖਾਹ।

ਜਿਹੜਾ ਸਾਡੀ ਮਿਹਨਤ ਦਾ ਫਲ ਖਾਂਦਾ ਹੈ ,
ਖਾਣੇ ਪੈਂਦੇ ਉਸ ਤੋਂ ਧੱਕੇ ਖਾਹ ਮਖਾਹ।

ਧਰਨੇ ਬਹਿ ਕੇ ਵੀ ਜੇ ਮਿਲਣੇ ਲਾਰੇ ਨੇ ,
ਕਿਹੜਾ ਨਿਤ ਦਿਨ ਘੱਟਾ ਫੱਕੇ ਖਾਹ ਮਖਾਹ।

ਮੈਂ ਤਾਂ ਅਪਨੀ ਮਸਤੀ ਦੇ ਵਿੱਚ ਰਹਿੰਦਾ ਹਾਂ ,
ਮੇਰੇ ਕੋਲੋਂ ਲੋਕੀ ਅੱਕੇ ਖਾਹ ਮਖਾਹ।

ਇਕ ਦਿਨ ਛੱਡਣਾ ਪੈਣਾ ਅੱਡਾ ਧਰਤੀ ਤੋਂ ,
ਤੰਬੂ ਲਾ ਕੇ ਬੈਠੇ ਪੱਕੇ ਖਾਹ ਮਖਾਹ।

ਬਰਬਾਦੀ ਬਿਨ ਹਾਸਲ ਕੁਝ ਵੀ ਹੋਣਾ ਨਈਂ ,
ਦੋਵਾਂ ਪਾਸੇ ਸ਼ਸ਼ਤਰ ਚੱਕੇ ਖਾਹ ਮਖਾਹ।

ਮੇਰੇ ਅੰਦਰ ਹੀ ਰੱਬ ਰਹਿੰਦਾ ਲਗਦਾ ਹੈ ,
ਮੈਂ ਨਈਂ ਐਵੇ ਜਾਂਦਾ ਮੱਕੇ ਖਾਹ ਮਖਾਹ।



ਮਿਲਿਆ ਵੀ ਤਾਂ ਕੁਝ ਨਈਂ ਜਾ ਕੇ ਮੰਜ਼ਿਲ 'ਤੇ ,
ਬਿਖੜੇ ਰਾਹੀਂ ਚੱਲ ਕੇ ਥੱਕੇ ਖਾਹ ਮਖਾਹ।

ਪੱਕੀ ਖੇਤੀ ਗੜਿਆਂ ਮਾਰ ਮੁਕਾਈ ਹੈ ,
ਸਾਰਾ ਸ਼ੀਜਨ ਮੋੜੇ ਨੱਕੇ ਖਾਹ ਮਖਾਹ।

ਸੈਰ ਸਪਾਟਾ ਹੱਦਾ ਬੰਨੇ ਕਰਨਾ ਕੀ ,
'ਰਾਜ਼' ਮੁਸਾਫਿਰ ਜੇਲੀਂ ਡੱਕੇ ਖਾਹ ਮਖਾਹ।

**ਮੋਬਾ** : 75089-13308

◆◆◆

## ਸੁਭਾਸ਼ ਦੀਵਾਨਾ

ਮਾਰ ਠਹਾਕੇ ਹੱਸਦਾ ਸੀ ਜਦ ਤੜਫ ਕੇ ਰੋਇਆ ਕਰਦਾ ਸੀ।
ਜੀਵਨ ਦੇ ਵਿੱਚ ਦੌਰ ਸੁਨਹਿਰੀ ਉਹ ਵੀ ਹੋਇਆ ਕਰਦਾ ਸੀ।

ਮਾਂ ਬੇਟੀ ਤੇ ਪੀੜ ਪਰਾਈ ਸਭ ਦੀ ਸਾਂਝੀ ਹੁੰਦੀ ਸੀ,
ਯਾਰ ਦੀ ਅੱਖ ਦਾ ਨੀਰ ਆਸਾਡੀ ਅੱਖ 'ਚੋਂ ਚੋਇਆ ਕਰਦਾ ਸੀ।

ਚੌਥੀ ਸ਼੍ਰੇਣੀ ਵਾਲਾ ਬੰਸਾ ਅੱਜ ਵੀ ਚੇਤੇ ਆਉਂਦਾ ਹੈ,
ਹਰ ਹਫ਼ਤੇ ਇਕ ਵਾਰੀ ਜਿਸਦਾ ਦਾਦਾ ਮੋਇਆ ਕਰਦਾ ਸੀ।

ਦਰਵਾਜ਼ੇ ਖੁੱਲ੍ਹੇ ਰੱਖਦੇ ਸਨ ਲੋਕੀ ਘਰ ਦੇ ਤੇ ਦਿਲ ਦੇ,
ਮਾੜਾ ਸਮਝਿਆ ਜਾਂਦਾ ਜੋ ਦਰਵਾਜ਼ੇ ਢੋਇਆ ਕਰਦਾ ਸੀ।

ਝੂਠ ਦੀ ਲੱਸੀ ਉੱਤੇ ਵੀ ਸੱਚ ਮੱਖਣ ਵਾਂਗੂੰ ਤਰਦਾ ਸੀ,
ਹਰ ਬੰਦਾ ਮਨ-ਬਰਤਨ ਤਾਈਂ ਕੂਚ ਕੇ ਧੋਇਆ ਕਰਦਾ ਸੀ।

ਦੁੱਖ ਵੀ ਸੁੱਖ ਵੀ ਆਪਸ ਦੇ ਵਿਚ ਸਾਂਝਾ ਕਰ ਲੈਂਦੇ ਸੀ ਲੋਕ,
ਦੁੱਖ ਸੁੱਖ ਵਿਚ ਸਾਰਾ ਚੌਗਿਰਦਾ ਨਾਲ ਖੜੋਇਆ ਕਰਦਾ ਸੀ।

ਮਾਰ ਠਹਾਕੇ ਹੱਸਦਾ ਸੀ ਜਦ ਤੜਫ ਕੇ ਰੋਇਆ ਕਰਦਾ ਸੀ।
ਜੀਵਨ ਦੇ ਵਿੱਚ ਦੌਰ ਸੁਨਹਿਰੀ ਉਹ ਵੀ ਹੋਇਆ ਕਰਦਾ ਸੀ।

ਮੋ. 98888-29666

◆◆◆

## ਰਣਬੀਰ ਆਕਾਸ਼

ਰਿਸ਼ਤੇ ਨਾਤੇ ਨਾਲ਼ ਹੀ ਮਰਦੇ, ਮਰਦੇ ਨੇ ਜਜ਼ਬਾਤ ਜਦੋਂ।
ਅਪਣੇ ਵੀ ਮੁੱਖ ਮੋੜ ਹੀ ਲੈਂਦੇ, ਬਦਲਣ ਬਸ ਹਾਲਾਤ ਜਦੋਂ।

ਸੂਰਜ ਦੀ ਲੋਅ ਵਿੱਚ ਵੀ ਭਟਕਣ, ਰਾਹੀ ਕੱਲਮ- ਕੱਲੇ,

ਜੁਗਨੂੰ ਰਲ ਮਿਲ ਦੇਣ ਦਿਲਾਸਾ, ਹੁੰਦੀ ਕਾਲੀ ਰਾਤ ਜਦੋਂ।

ਮਾਰੂਥਲ ਵਿੱਚ ਬੱਦਲ ਗਰਜਣ, ਤਾਂ ਲੱਗਦੈ ਇਹ ਧੋਖਾ ਹੈ,
ਕਣ-ਕਣ ਉਸਦਾ ਸ਼ੁਕਰ ਮਨਾਉਂਦਾ, ਆਉਂਦੀ ਹੈ ਬਰਸਾਤ ਜਦੋਂ।

ਉੱਚੇ ਸਿਰ ਵੀ ਝੁਕ ਜਾਂਦੇ ਨੇ, ਆਉਂਦੀ ਯਾਦ ਗੁਲਾਮੀ ਹੈ,
ਅਪਣੇ ਹੱਕ ਵੀ ਮੰਗਣ ਲੋਕੀਂ ਵਾਂਗ ਜਿਵੇਂ ਖ਼ੈਰਾਤ ਜਦੋਂ।

ਪਹਿਨ ਮਖੌਟਾ ਸ਼ੀਸ਼ੇ ਨੂੰ ਵੀ ਚਕਮਾ ਤੂੰ ਦੇ ਸਕਦਾ ਏਂ,
ਨਜ਼ਰੋਂ ਡਿੱਗ ਜਾਵੇਂਗਾ ਅਪਣੇ ਅੰਦਰ ਮਾਰੀ ਝਾਤ ਜਦੋਂ।

ਇਹ ਤਾਂ ਉਸਦੀ ਜਿੱਤ ਨਹੀਂ ਹੈ, ਇਹ ਉਸਦਾ ਹੰਕਾਰ ਨਿਰਾ,
ਝੱਖੜ ਨਿੱਤ ਮਾਸੂਮ ਚਿਰਾਗਾਂ ਨੂੰ ਦਿੰਦਾ ਹੈ ਮਾਤ ਜਦੋਂ।

ਨ੍ਹੇਰੇ ਨੂੰ ਵੀ ਹਾਸਾ ਆਵੇ, ਮੁਸਕਾਵੇ ਉੱਪਰ ਆਕਾਸ਼,
ਜੁਗਨੂੰ 'ਕੱਠੇ ਹੋ ਕੇ ਪੁੱਛਣ ਸੂਰਜ ਨੂੰ ਔਕਾਤ ਜਦੋਂ।

98765-82400

◆◆◆

# ਗੀਤਾਂ ਦੀ ਗੂੰਜ

## ਇਸ਼ਕੇ ਦੀ ਝਾਂਜਰ

ਪ੍ਰਤਾਪ 'ਪਾਰਸ' ਗੁਰਦਾਸਪੁਰੀ

ਇਸ਼ਕੇ ਦੀ ਝਾਂਜਰ ਛਣਕੀ ਨੀ, ਛਣਕੀ ਜਾ ਵਿਹੜੇ ਸਾਈਆਂ ਦੇ।
ਮੈਂ ਕੀ ਸੱਯਦਾਂ ਤੋਂ ਲੈਣਾ ਨੀ, ਮੇਰੀ ਬਣਦੀ ਨਾਲ ਹੈ ਰਾਈਆਂ ਦੇ।

ਨਾ ਲੱਜ ਮੈਨੂੰ ਹੁਣ ਪਰਿਆ ਦੀ, ਨਾ ਡਰ ਮੈਨੂੰ ਕੋਈ ਧਰਮਾਂ ਦਾ,
ਮੈਂ ਨੱਚ ਕੇ ਯਾਰ ਮਨਾਉਣਾ ਨੀ, ਘੁੰਡ ਚੁੱਕਿਆ ਏ ਸਭ ਸ਼ਰਮਾਂ ਦਾ,
ਮੇਰੀ ਮੁਰਸ਼ਦ ਦੇ ਲੱਗੀ ਏ, ਮੈਂ ਨਹੀਂ ਜਾਣਾ ਹੁਣ ਭਾਈਆਂ ਦੇ
ਇਸ਼ਕੇ ਦੀ ਝਾਂਜਰ ਛਣਕੀ ਨੀ, ਛਣਕੀ ਜਾ ਵਿਹੜੇ ਸਾਈਆਂ ਦੇ।

ਮੈਨੂੰ ਮੁਰਸ਼ਦ ਗਲ ਨਾਲ ਲਾ ਲਏ ਜੇ, ਮੈਂ ਕੀ ਦੁਨੀਆਂ ਤੋਂ ਲੈਣਾ ਏ,
ਸੌ ਵਾਰੀ ਮੁੱਖ ਉਹ ਫੇਰ ਲਵੇ, ਮੈਂ ਦਰ ਉਸਦੇ 'ਤੇ ਬਹਿਣਾ ਏ,
ਜਿਸ ਰੂਹ ਨੂੰ ਆਪਣਾ ਮਿਲ ਜਾਵੇ, ਨਹੀਂ ਲੱਗਦੀ ਮਗਰ ਪਰਾਈਆਂ ਦੇ
ਇਸ਼ਕੇ ਦੀ ਝਾਂਜਰ ਛਣਕੀ ਨੀ, ਛਣਕੀ ਜਾ ਵਿਹੜੇ ਸਾਈਆਂ ਦੇ।

ਝਾਂਜਰ ਦੀ ਛਣ-ਛਣ ਬੋਲ ਰਹੀ, ਰਾਹ ਮਾਹੀ ਦੇ ਹੀ ਟੋਲ ਰਹੀ,



ਨੌਂ ਪੌੜੀਆਂ ਹੀ ਨਾ ਚੜ੍ਹ ਪਾਈ, ਉਂਝ ਬੇਸ਼ੱਕ ਉਹਦੇ ਕੋਲ ਰਹੀ,
ਮੈਂ ਅਸਲ ਟਿਕਾਣਾ ਭੁੱਲਕੇ ਤੇ, ਬੈਠੀ ਰਹੀ ਕੋਲ ਹੀ ਰਾਹੀਆਂ ਦੇ
ਇਸ਼ਕੇ ਦੀ ਝਾਂਜਰ ਛਣਕੀ ਨੀ, ਛਣਕੀ ਜਾ ਵਿਹੜੇ ਸਾਈਆਂ ਦੇ।

ਹੁਣ ਕੀ ਪੇਕੇ ਕੀ ਸਹੁਰੇ ਨੀ, ਮੇਰੇ ਕੁਝ ਨਹੀਂ ਲੱਗਦੇ ਖੇੜੇ ਨੀ,
ਮੈਂ ਹੋ ਗਈ ਹਾਂ ਉਸ ਰਾਂਝੇ ਦੀ, ਸਭ ਮੁੱਕ ਗਏ ਝਗੜੇ ਝੇੜੇ ਨੀ,
ਝੋਲੀ ਵਿੱਚ 'ਪਾਰਸ' ਪਾਇਆ ਏ, ਮੁੱਲ ਪੈ ਗਏ ਅੱਖੀਆਂ ਲਾਈਆਂ ਦੇ
ਇਸ਼ਕੇ ਦੀ ਝਾਂਜਰ ਛਣਕੀ ਨੀ, ਛਣਕੀ ਜਾ ਵਿਹੜੇ ਸਾਈਆਂ ਦੇ।

787/10 ਪ੍ਰੇਮ ਨਗਰ,
ਹਰਦੋਛੰਨੀ ਰੋਡ ਗੁਰਦਾਸਪੁਰ।
ਫੋਨ 99888-11681

◆◆◆

ਲਖਵਿੰਦਰ ਸਿੰਘ ਘੁੰਮਣ

ਟੁੱਟਾ ਕੱਚ ਤਾਂ ਵਿਕਦਾ ਟੁੱਟਾ ਦਿਲ ਵਿਕਦਾ ਨਾ
ਜਾਨੋਂ ਵੱਧ ਪਿਆਰਾ ਇੱਕ ਖੱਤ ਵੀ ਲਿਖਦਾ ਨਾ ।
ਜਾਂ ਉਹਨੂੰ ਸਾਡਾ ਸਿਰਨਾਵਾਂ ਭੁੱਲ ਗਿਆ ਹੋਣਾ ਏ
ਧੌਣ ਸੁਰਾਹੀ ਵੇਖ ਕਿਸੇ ਤੇ ਡੁੱਲ ਗਿਆ ਹੋਣਾ ਏ
ਕੰਕਰ ਬਣਕੇ ਰੜਕੇ ਅੱਖੀਆਂ 'ਚ ਰਿਸਦਾ ਨਾ
ਜਾਨੋਂ ਵੱਧ ——————————

ਪੱਗ ਪੋਚਵੀਂ ਬੰਨ ਕੋਠੇ ਤੇ ਚੜਦਾ ਨਈ
ਛੋਟੀ -ਛੋਟੀ ਗੱਲ ਉੱਤੇ ਸਾਡੇ ਨਾਲ ਲੜਦਾ ਨਈ
ਹਰ ਦਮ ਆਖੀਆਂ ਢੂੰਡਣ ਪਰ ਉਹ ਤਾਂ ਦਿਸਦਾ ਨਾ
ਜਾਨੋਂ ਵੱਧ ——————————

ਦਿੱਤੀ ਤੇਰੀ ਗਾਨੀ ਦੇ ਹੁਣ ਮਣਕੇ ਟੁੱਟ ਗਏ ਨੇ
ਸੱਧਰਾਂ ਨੇ ਉਹ ਬਾਗਾਂ ਨੂੰ ਪੁੱਟ ਕੇ ਸੁੱਟ ਗਏ ਨੇ
ਇਸ਼ਕ ਉਹਦੇ ਵਿੱਚ ਹਾਰੀ ਪਰ ਸਾਥੋਂ ਉਹ ਜਿੱਤਦਾ ਨਾ
ਜਾਨੋਂ ਵੱਧ ——————————

ਕੱਚ ਤੇ ਦਿਲ ਨੇ ਟੁੱਟਣਾ ਹੁੰਦੈ ਦਿਲ ਸਮਝਾ ਲਈ ਦਾ
ਯਾਦਾਂ ਦੇ ਵਿੱਚ ਤੈਨੂੰ ਘੁੰਮਣ ਕੋਲ ਬਿਠਾ ਲਈ ਦਾ
ਸੁਪਨੇ ਦੇ ਵਿੱਚ ਵੀ ਲਖਵਿੰਦਰ ਰਤਾ ਵੀ ਮਿੱਥਦਾ ਨਾ
ਜਾਨੋਂ ਵੱਧ ——————————

ਬੇਗੋਵਾਲ (ਕਪੂਰਥਲਾ )
ਮੋ 98153 -49026

◆◆◆

## ਜਾਗੋ ਆਈਆ

ਪ੍ਰੋ ਸਤਵਿੰਦਰ ਬੇਗੋਵਾਲੀਆ

ਲੋਕੋ, ਜਾਗ ਪਉ ਬਈ ਹੁਣ ਜਾਗੋ ਆਈਆ
ਅੰਦਰ ਬਹਿ ਕੇ ਕਿਵੇਂ ਬਦਲੂ ਤੇਰੀ ਕਾਇਆ
ਲੋਕੋ ਜਾਗ ਪਉ —————————

ਸਿਰ ਤੇ ਢੋਅ ਢੋਅ ਇੱਟਾਂ ਪੱਥਰ
ਤੂੰ ਉੱਚੇ ਮਿਨਾਰ ਬਣਾਉਂਦਾ
ਤੇਰੀ ਕੁੱਲੀ ਦੀ ਛੱਤ ਉੱਡ ਜਾਂਦੀ
ਜਦ ਹਨ੍ਹੇਰੀ ਝੱਖੜ ਆਉਂਦਾ
ਠਰੂੰ ਠਰੂੰ ਕਰਦੇ ਕਰਦੇ
ਤੇਰੇ ਬੱਚਿਆਂ ਸਿਆਲ ਲੰਘਾਇਆ
ਲੋਕੋ ਜਾਗ ਪਉ ——————

ਕਰਜ਼ੇ ਵਿੱਚ ਤੂੰ ਜੰਮਿਆ ਸੀ
ਕਰਜ਼ੇ ਵਿੱਚ ਹੀ ਲੰਘਿਆ ਹੈਂ
ਤੈਨੂੰ ਕੁੜਿੱਕੀ ਵਿੱਚ ਫਸਾਇਆ
ਜਦ ਵੀ ਹੱਕ ਮੰਗਿਆ ਹੈ
ਕਾਰਾਂ ਵਾਲੇ ਧੂੜ ਉਡਾਉਂਦੇ
ਤੇਰੇ ਸਿਰ 'ਚ ਘੱਟਾ ਪਾਇਆ
ਲੋਕੋ ਜਾਗ ਪਉ ——————

ਪੰਚਾਇਤ ਕੋਲ ਤੂੰ ਸਿੱਧਾ ਜਾ
ਭਾਈਆਂ ਦੇ ਝਗੜੇ ਨਿਪਟਾ
ਠਾਣੇ ਨਾ ਤੂੰ ਰਪਟ ਲਿਖਾ
ਐਵੇਂ ਨਾ ਪਿਆ ਪੱਗ ਰੁਲਾ
ਖਾ ਕੇ ਉੱਥੋਂ ਝਿੜਕਾਂ ਗਾਹਲਾਂ
ਦੱਸ ਕੀ ਪੱਲੇ ਪਾਇਆ
ਬਈ ਹੁਣ ਜਾਗੋ ਆਈਆ
ਲੋਕੋ ਜਾਗ ਪਉ ——————

ਮੋ 98154-65620

◆◆◆



# ਨਿਬੰਧ

## ਸਿਰਮੌਰ ਪੰਜਾਬੀ ਨਾਵਲਕਾਰ ਸ. ਨਾਨਕ ਸਿੰਘ

-ਭੂਪਿੰਦਰ ਉਸਤਾਦ

ਕਲਾ ਕੁਦਰਤ ਦੀ ਦੇਣ ਹੈ। ਇਹ ਕਿਸੇ ਕਿਸੇ ਨੂੰ ਮਿਲਦੀ ਹੈ। ਹੰਸਰਾਜ ਨੂੰ ਵੀ ਕਵਿਤਾ ਲਿਖਣ ਦੀ ਕਲਾ ਬਚਪਨ ਵਿਚ ਹੀ ਮਿਲ ਗਈ, ਉਹ ਛੋਟੀ ਉਮਰ ਵਿਚ ਹੀ ਵੱਡੇ ਕਵੀ ਦਰਬਾਰਾਂ ਵਿਚ ਨਿਕਚੂ ਸ਼ਾਇਰ ਵਜੋਂ ਜਾਣ ਲੱਗੇ। ਉਨ੍ਹਾਂ ਦੀ ਪਹਿਲੀ ਕਿਤਾਬ "ਸੀ-ਹਰਫ਼ੀ ਹੰਸ ਰਾਜ" ਬਾਰਾਂ ਤੇਰਾਂ ਸਾਲ ਦੀ ਉਮਰ ਵਿਚ ਹੀ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਗਈ ਸੀ। ਹੰਸਰਾਜ ਧਾਰਮਕ ਗੀਤ ਕਵਿਤਾ ਬਹੁਤ ਵਧੀਆ ਲਿਖਦੇ ਸੀ, ਅਤੇ ਗੁਰਦਵਾਰੇ ਵਿਚ ਕੀਰਤਨ ਵੀ ਵਧੀਆ ਕਰਨ ਲੱਗ ਪਏ। ਕੀਰਤਨ ਵਿਚ ਉਨ੍ਹਾਂ ਦਾ ਸਾਥ ਇਕ ਬਾਲ ਵਿਧਵਾ "ਸਵਿਤਰੀ" ਹਰਮੋਨੀਅਮ ਨਾਲ ਦਿੰਦੀ ਸੀ। ਰੋਜ਼-ਰੋਜ਼ ਦੀਆਂ ਮੁਲਾਕਾਤਾਂ ਮੁਹੱਬਤ ਵਿਚ ਬਦਲ ਗਈਆਂ। ਪਰ ਉਹ ਇਕਦੂਜੇ ਦੇ ਨਾ ਹੋ ਸਕੇ। ਤਪਦਿੱਕ ਨੇ ਸਵਿਤਰੀ ਨੂੰ ਹੰਸਰਾਜ ਤੋਂ ਖੋਹ ਲਿਆ। ਸਵਿਤਰੀ ਦੀ ਜੁਦਾਈ ਨੇ ਹੰਸਰਾਜ ਨੂੰ ਬਹੁਤ ਦੁਖੀ ਕਰ ਦਿੱਤਾ।

ਉਨ੍ਹਾਂ ਦਿਨਾਂ ਵਿਚ ਹੀ ਹੰਸਰਾਜ ਦੀ ਮੁਲਾਕਾਤ ਗਿਆਨੀ ਬਾਗ ਸਿੰਘ ਨਾਲ ਹੋਈ। ਗਿਆਨੀ ਜੀ ਨੇ ਹੰਸਰਾਜ ਨੂੰ ਆਪਣੇ ਪ੍ਰਭਾਵ ਵਿਚ ਲਿਆ ਤੇ ਸਿੰਘ ਸਜਾ ਕੇ ਨਾਨਕ ਸਿੰਘ ਨਾਮ ਰੱਖ ਦਿੱਤਾ। ਫਿਰ ਨਾਨਕ ਸਿੰਘ ਨੇ ਜੋ ਧਾਰਮਿਕ ਕਵਿਤਾ ਲਿਖੀ ਉਸਨੂੰ 'ਸਤਿਗੁਰੂ ਮਹਿਮਾਂ' ਦਾ ਨਾਮ ਦੇਕੇ ਗੁਟਕੇ ਜਿਡੀ ਕਿਤਾਬ ਛਪਵਾਈ। ਲੋਕਾਂ ਨੇ ਉਸ ਗੁਟਕੇ ਨੁਮਾ ਕਿਤਾਬ ਨੂੰ ਗੁਟਕੇ ਵਾਂਙਹੀ ਸਾਂਭਕੇ ਰੱਖਿਆ। ਉਹ ਕਿਤਾਬ ਲੱਖਾਂ ਦੀ ਗਿਣਤੀ ਵਿਚ ਛਪੀ।

ਨਾਨਕ ਸਿੰਘ ਆਪਣੇ ਮਾਤਾ ਪਿਤਾ ਦੀ ਪਹਿਲੀ ਸੰਤਾਨ ਸੀ। ਉਨ੍ਹਾਂ ਦਾ ਜਨਮ 4 ਜੁਲਾਈ 1897 ਨੂੰ ਚੱਕ ਹਮੀਦ, ਜਿਹਲਮ, ਪਾਕਿਸਤਾਨ ਵਿਚ ਲਾਲਾ ਬਹਾਦਰ ਚੰਦ ਸੂਰੀ ਦੇ ਘਰ ਬੀਬੀ ਲੱਛਮੀਦੇਵੀ ਦੇ ਪੇਟੋਂ ਹੋਇਆ। ਲਾਲਾ ਬਹਾਦਰ ਚੰਦ ਵਿਉਪਾਰ ਕਰਦੇ ਸਨ। ਉਨ੍ਹਾਂ ਦੀ ਦੁਕਾਨ ਪਿਸ਼ਾਵਰ ਵਿਚ ਸੀ। ਹੰਸਰਾਜ ਜਦੋਂ ਪੜ੍ਹਨ ਜੋਗਾ ਹੋਇਆ ਤਾਂ ਲਾਲਾ ਜੀ ਪਰਿਵਾਰ ਨੂੰ ਆਪਣੇ ਨਾਲ ਹੀ ਪਿਸ਼ਾਵਰ ਲੈ ਗਏ, ਤੇ ਪੁੱਤਰ ਨੂੰ ਪੜ੍ਹਨੇ ਪਾ ਦਿੱਤਾ।

ਲਾਲਾ ਜੀ ਨੂੰ ਨਿਮੂਨੀਆਂ ਹੋ ਗਿਆ। ਫਿਰ ਇਕ ਰਾਤ ਬੜੀ ਅਜ਼ੀਬ ਆਈ। ਉਸ ਰਾਤ ਦੇ ਤੀਜੇ ਪਹਿਰ ਲੱਛਮੀ ਦੇਵੀ ਨੇ ਆਪਣੇ ਚੌਥੇ ਪੁੱਤਰ ਨੂੰ ਜਨਮ ਦਿੱਤਾ ਤੇ ਅਗਲੇ ਪਹਿਰ ਹੀ ਪਤੀ ਸਦਾ ਲਈ ਵਿੱਛੜ ਗਿਆ। ਪਰਿਵਾਰ ਨੂੰ ਪਤਾ ਨਾ ਲੱਗੇ ਕਿ ਉਹ ਨਵੇਂ

ਆਏ ਬੱਚੇ ਦੀ ਖ਼ੁਸ਼ੀ ਮਨਾਉਣ ਕਿ ਮਰ ਗਏ ਜੁਆਨ ਦੀ ਮੌਤ ਦਾ ਸੋਗ ਕਰਨ। ਨਾਨਕ ਸਿੰਘ ਉਦੋਂ ਦਸ ਕੁ ਸਾਲ ਦੇ ਸਨ।ਦੁਕਾਨ ਚਾਚਿਆਂ ਨੇ ਸਾਂਭ ਲਈ। ਆਪ ਜੀ ਦਾ ਬਚਪਨ ਬਹੁਤ ਸੰਘਰਸ਼ ਮਈ ਰਿਹਾ।

ਨਾਨਕ ਸਿੰਘ ਜੀ ਆਪਣੇ ਵੇਲੇ ਦੇ ਸਿਰਮੌਰ ਲੇਖਕ ਸਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਕਹਾਣੀ ਰਸ ਭਰਪੂਰ ਹੁੰਦਾ ਸੀ। ਇਹ ਰਸ ਹੀ ਪਾਠਕ ਨੂੰ ਕਿਤਾਬ ਹੱਥੋਂ ਨਹੀਂ ਸੀ ਛੱਡਣ ਦਿੰਦਾ। ਇਹੋ ਨਹੀਂ ਕਹਾਣੀ ਵਿਚ ਜੋ ਉਲਝਣਾ ਆਉਂਦੀਆਂ ਸਨ ਉਨ੍ਹਾਂ ਨੂੰ ਹਲ ਕਰਨ ਦਾ ਵੀ ਯਤਨ ਹੁੰਦਾ ਸੀ। ਹਰ ਕਿਸੇ ਨੂੰ ਇਹ ਲਗਦਾ ਸੀ ਕਿ ਉਹ ਕਹਾਣੀ ਮੇਰੀ ਹੀ ਜ਼ਿੰਦਗੀ ਦੀ ਕਹਾਣੀ ਹੈ।

ਗੁਰਬਖਸ਼ ਸਿੰਘ ਜੀ ਦਾ ਫਲਸਫ਼ਾ ਭਾਵੇਂ ਸਹਿਜ ਪਿਆਰ ਹੀ ਸੀ। ਇੰਨਜੀਨੀਅਰ ਹੋਣ ਕਰਕੇ ਉਹ ਆਪ ਵੀ ਕਹਾਣੀ ਦਾ ਨਿਰਮਾਣ ਇੰਜੀਨੀਅਰ ਦੇ ਫਾਰਮੂਲੇ ਅਨੁਸਾਰ ਹੀ ਕਰਦੇ ਸਨ ਇਸ ਕਰਕੇ ਕਈ ਵਾਰ ਕਈ ਨੁਕਤੇ ਆਮ ਪਾਠਕ ਦੀ ਸਮਝ ਵਿੱਚ ਨਹੀਂ ਸੀ ਆਉਂਦੇ। ਜਸਵੰਤ ਸਿੰਘ ਕੰਵਲ ਜੀ ਵੀ ਗੱਲ ਤਾਂ ਪਿਆਰ ਦੀ ਹੀ ਕਰਦੇ ਸਨ ਪਰ ਉਹ ਮਾਰਕਸ ਦੇ ਫਲਸਫੇ ਵਿੱਚ ਰੰਗੀ ਹੁੰਦੀ ਸੀ।

ਨਾਨਕ ਸਿੰਘ ਹੁਰੀ ਏਨ੍ਹਾਂ ਦੁੱਖਾਂ ਨੂੰ ਅਜੇ ਚੰਗੀ ਤਰ੍ਹਾਂ ਭੁੱਲੇ ਨਹੀਂ ਸਨ ਕਿ ਇਕ ਹੋਰ ਬਿਪਤਾ ਗਲ ਪੈ ਗਈ। ਲੱਛਮੀ ਦੇਵੀ ਨੇ ਕਿਸੇ ਦਰਿੰਦੇ ਤੋਂ ਆਪਣੀ ਇੱਜ਼ਤ ਬਚਾਉਂਦਿਆਂ ਕੋਠੇ ਤੋਂ ਛਾਲ ਮਾਰ ਦਿੱਤੀ। ਉਸਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਉਹ ਕਈ ਸਾਲ ਮੰਜੇ ਤੇ ਪਈ ਰਹੀ। ਨਾਨਕ ਸਿੰਘ ਚੌਵੀ ਘੰਟੇ ਮਾਂ ਦੀ ਸੇਵਾ ਵਿਚ ਰਹੇ, ਪਰ ਮਾਂ ਨੂੰ ਬਚਾ ਨਾ ਸਕੇ। ਮਾਂ ਦੇ ਮਰਨ ਨਾਲ ਨਾਨਕ ਸਿੰਘ ਦਾ ਮਨ ਉਚਾਟ ਹੋ ਗਿਆ। ਉਹ ਕਈ ਚਿਰ ਅੰਮ੍ਰਿਤਸਰ, ਰਿਸ਼ੀਕੇਸ਼, ਤੇ ਹਰਦੁਆਰ ਫਿਰਦੇ ਰਹੇ। ਇਕ ਵਾਰ ਫਿਰ ਗਿਆਨੀ ਬਾਗ ਸਿੰਘ ਨਾਲ ਮੇਲ ਹੋ ਗਿਆ।ਉਨ੍ਹਾਂ ਧੀਰਜ ਦਿੱਤਾ, ਆਪਣੇ ਨਾਲ ਲੈ ਜਾਕੇ ਗਿਆਨੀ ਸ਼ੇਰ ਸਿੰਘ ਦੀ ਪ੍ਰੈਸ ਵਿਚ ਕੰਮ ਉੱਤੇ ਲੁਆ ਦਿੱਤਾ। ਉਹ "ਗੁਰਮਤ ਪ੍ਰਚਾਰ ਲੜੀ" ਮਾਹਵਾਰੀ ਰਸਾਲਾ ਕੱਢਦੇ ਸਨ।

ਏਸੇ ਦੁਰਾਨ "ਗੁਰੂ ਕੇ ਬਾਗ "ਦਾ ਮੋਰਚਾ 1922 ਵਿਚ ਸ਼ੁਰੂ ਹੋ ਗਿਆ। ਨਾਨਕ ਸਿੰਘ ਉਸ ਮੋਰਚੇ ਵਿਚ ਸ਼ਾਮਲ ਹੋ ਗਏ। ਸਰਕਾਰ ਨੇ ਸਾਰਿਆਂ ਨੂੰ ਫੜ ਕੇ ਜੇਲ੍ਹ ਅੰਦਰ ਡੱਕ ਦਿੱਤਾ। ਜੇਲ ਵਿਚ ਨਾਨਕ ਸਿੰਘ ਨੂੰ ਮੁਣਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹਣ ਦਾ ਮੌਕਾ ਮਿਲਿਆ। ਉਨ੍ਹਾਂ ਨਾਵਲਾਂ ਨੇ ਨਾਨਕ ਸਿੰਘ ਵਿਚ ਸਾਹਿਤ ਦੀ ਸੁੱਤੀ ਚਿਣਗ ਨੂੰ ਫਿਰ ਜਗਾ ਦਿੱਤਾ। ਨਾਨਕ ਸਿੰਘ ਨੇ ਜੇਲ੍ਹ ਵਿਚ ਹੀ ਆਪਣਾ ਪਹਿਲਾ ਨਾਵਲ 'ਅੱਧ ਖਿੜੀ ਕਲੀ "ਲਿਖਿਆ। ਪਰ ਉਹ ਜੇਲ੍ਹ ਅਧਿਕਾਰੀਆਂ ਦੇ ਹੱਥ ਆ ਗਿਆ ਅਤੇ ਜ਼ਬਤ ਹੋ ਗਿਆ।

1923 ਵਿਚ ਨਾਨਕ ਸਿੰਘ ਨੂੰ ਜੇਲ੍ਹ ਤੋਂ ਰਿਹਾਈ ਮਿਲੀ। ਫਿਰ 1924 ਵਿਚ ਉਨ੍ਹਾਂ ਦੀ ਸ਼ਾਦੀ ਬੀਬੀ ਰਾਜ ਕੌਰ ਨਾਲ ਹੋ ਗਈ। ਸ਼ਾਦੀ ਤੋਂ ਬਾਅਦ ਉਹ ਪਿਸ਼ਾਵਰ ਭਾਈ ਕਿਰਪਾਲ ਸਿੰਘ ਕੋਲ ਚਲੇ ਗਏ। ਜਿੱਥੇ ਕੰਮ ਮਿਲਣ ਕਰਕੇ ਉਨ੍ਹਾਂ ਦਾ ਮਨ ਟਿਕ ਕੇ ਲਿਖਣ ਵੱਲ ਹੋਇਆ। ਜਦੋਂ ਗੁਰਬਖਸ਼ ਸਿੰਘ ਦਾ ਸੱਦਾ ਗਿਆ ਤਾਂ 1936-37 ਵਿਚ



ਉਹ ਪਰਿਵਾਰ ਸਣੇ ਪ੍ਰੀਤਨਗਰ ਆ ਗਏ। ਇੱਥੇ ਆਕੇ ਉਨ੍ਹਾਂ ਜੇਲ੍ਹ ਵਾਲਾ ਨਾਵਲ "ਅੱਧ ਖਿੜਿਆ ਫੁੱਲ' ਨਾਮ ਹੇਠ ਲਿਖ ਕੇ ਪਾਠਕਾਂ ਦੀ ਝੋਲੀ ਪਾਇਆ। ਬਲਵੰਤ ਗਾਰਗੀ ਨੇ ਆਪਣੇ ਇੱਕ ਲੇਖ ਵਿਚ ਲਿਖਿਆ ਸੀ ਕਿ ਉਹ ਵੱਖ-ਵੱਖ ਸਮੇਂ, ਸਵੇਰੇ ਦੁਪਿਹਰੇ ਸ਼ਾਮੀ ਨਾਨਕ ਸਿੰਘ ਹੁਰਾਂ ਨੂੰ ਮਿਲਣ ਉਨ੍ਹਾਂ ਦੇ ਘਰ ਗਿਆ।ਤਿੰਨੋਂ ਵੇਲੇ ਉਹ ਮੈਨੂੰ ਮੰਜੇ ਉੱਤੇ ਬੈਠੇ ਲਿਖਦੇ ਹੀ ਮਿਲੇ। ਮੈਂ ਸੁਭਾਵਕ ਹੀ ਪੁੱਛ ਲਿਆ ਯਾਰ ਤੂੰ ਆਰਾਮ ਕਦੋਂ ਕਰਦੈਂ ? ਮੈਂ ਜਿੰਨੀ ਵਾਰ ਵੀ ਆਇਆਂ ਤੂੰ ਲਿਖਦਾ ਹੀ ਹੁੰਦੈ ਤਾਂ ਉਨ੍ਹਾਂ ਦਾ ਜੁਆਬ ਸੀ, ਮੈਂ ਆਰਾਮ ਹੀ ਤਾਂ ਕਰ ਰਿਹਾਂ, ਹੋਰ ਮੈਂ ਕੀ ਕਰਦਾ ? ਨਾਨਕ ਸਿੰਘ ਜੀ ਠੀਕ ਹੀ ਕਹਿੰਦੇ ਸਨ। ਜਦੋਂ ਬੰਦਾ ਆਪਣਾ ਮਨ ਭਾਉਂਦਾ ਕੰਮ ਕਰ ਰਿਹਾ ਹੋਵੇ ਉਹ ਆਰਾਮ ਹੀ ਕਰ ਰਿਹਾ ਹੁੰਦਾ। ਬੇ ਆਰਾਮ ਤਾਂ ਉਦੋਂ ਹੁੰਦਾ ਜਦੋਂ ਉਸ ਨੂੰ ਵਿਹਲਾ ਬੱਝਕੇ ਬੈਠਣਾ ਪਏ ਜਾਂ ਕੰਮ ਮਨ ਪਸੰਦ ਵਾਲਾ ਨਾ ਹੋਵੇ। ਨਾਨਕ ਸਿੰਘ ਹੁਰਾਂ ਤੋਂ ਪਹਿਲਾਂ ਬਹੁਤੇ ਲੇਖਕ ਧਾਰਮਕ ਰਚਨਾਵਾਂ ਹੀ ਲਿਖਦੇ ਸਨ। ਨਾਨਕ ਸਿੰਘ ਹੁਰਾਂ ਨੇ ਆਪਣੀ ਕਲਮ ਨੂੰ ਸਮਾਜਕ ਵਿਸ਼ਿਆਂ ਵੱਲ ਮੋੜਿਆ। ਮਿਸਾਲ ਵਜੋਂ ਉਨ੍ਹਾਂ ਦਾ ਨਾਵਲ 'ਮਤਰੇਈ ਮਾਂ"ਕਾਲ ਚੱਕਰ"ਪ੍ਰੇਮ ਸੰਗੀਤ' 'ਮਿੱਠਾ ਮਹੁਰਾ' ਲਏ ਜਾ ਸਕਦੇ ਹਨ। ਔਰਤ ਉਨ੍ਹਾਂ ਦੇ ਸਤਿਕਾਰ ਦਾ ਪਾਤਰ ਸੀ। ਉਨ੍ਹਾਂ ਦੀਆਂ ਕਈ ਰਚਨਾਵਾਂ ਵਿਚ ਇਹ ਗੱਲ ਪੜ੍ਹਣ ਨੂੰ ਮਿਲੀ ਹੈ। ਮੱਧ ਸ਼੍ਰੇਣੀ ਦੇ ਪਾਤਰਾਂ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਸ਼ਬਦਾਂ ਨਾਲ ਖ਼ੂਬਸੂਰਤ ਜਾਮਾਂ ਪਹਿਨਾਉਂਦੇ ਹਨ। 'ਚਿੱਟਾ ਲਹੂ', 'ਪ੍ਰੇਮ ਸੰਗੀਤ' ਨਾਵਲ ਔਰਤ ਦੀਆਂ ਸਮੱਸਿਆਵਾਂ ਨਾਲ ਹੀ ਸੰਬੰਧਤ ਹਨ।

ਪੰਜਾਬੀ ਨਾਵਲ ਦੇ ਪਾਠਕ ਪੈਦਾ ਕਰਨ ਲਈ ਨਾਨਕ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਜਦੋਂ ਉਹ ਲਿਖਣ ਲੱਗੇ ਉਦੋਂ ਪਾਠਕਾਂ ਦੀ ਗਿਣਤੀ ਬਹੁਤ ਘੱਟ ਸੀ। ਨਾਨਕ ਸਿੰਘ ਹੁਰਾਂ ਦੇ ਨਾਵਲ ਕਿਉਂਕਿ ਸਮਾਜ ਨਾਲ ਸੰਬੰਧਤ ਸਨ, ਉਨ੍ਹਾਂ ਦੀ ਕਹਾਣੀ ਹਰ ਕਿਸੇ ਨੂੰ ਕਿਤੇ ਨਾ ਕਿਤੇ ਆਪਣੇ ਨਾਲ ਮੇਲ ਖਾਂਦੀ ਲੱਗਦੀ ਸੀ। ਇਸ ਕਰਕੇ ਪਾਠਕਾਂ ਵਿਚ ਪੜ੍ਹਣ ਲਈ ਰੁਚੀ ਪੈਦਾ ਹੋ ਜਾਂਦੀ ਸੀ। ਕਹਾਣੀ ਰਸ, ਐਸਾ ਰਸ ਹੈ ਜੋ ਕਿਤਾਬ ਨੂੰ ਹਥੋਂ ਛੁੱਟਣ ਨਹੀਂ ਦਿੰਦਾ। ਉਨ੍ਹਾਂ ਦੇ ਨਾਵਲ ਪੜ੍ਹਦਿਆਂ ਅਕੇਵਾਂ ਨਹੀਂ ਸੀ ਹੁੰਦਾ। ਮਨ ਕਰਦਾ ਹੁੰਦਾ ਸੀ ਕਿ ਇਕੋ ਬੈਠਕ ਵਿਚ ਨਾਵਲ ਪੜ੍ਹ ਲਿਆ ਜਾਏ। ਜੇ ਹੱਥੋਂ ਛੱਡ ਦਿੱਤਾ ਤਾਂ ਕੋਈ ਹੋਰ ਨਾ ਚੁੱਕ ਕੇ ਲੈ ਜਾਏ।

ਨਾਨਕ ਸਿੰਘ ਹੁਰਾਂ ਦੀਆਂ ਰਚਨਾਵਾਂ ਮੁਤੱਲਕ ਬਲਰਾਜ ਸਾਹਨੀ ਹੁਰਾਂ ਦਾ ਕਹਿਣਾ ਹੈ ਕਿ ਨਾਨਕ ਸਿੰਘ ਦੇ ਨਾਵਲਾਂ ਵਿਚ ਮੁਣਸ਼ੀ ਪ੍ਰੇਮ ਚੰਦ ਦੇ ਨਾਵਲਾਂ ਵਾਲੇ ਸਾਰੇ ਗੁਣ ਮੌਜੂਦ ਹਨ। ਜਿੰਨਾ ਪਿਆਰ ਪ੍ਰੇਮ ਚੰਦ ਨੂੰ ਉਸਦੇ ਹਿੰਦੀ ਉਰਦੂ ਨਾਵਲਾਂ ਕਰਕੇ ਮਿਲਦਾ ਹੈ, ਨਾਨਕ ਸਿੰਘ ਨੂੰ ਉਹ ਪਿਆਰ ਉਸ ਦੇ ਪੰਜਾਬੀ ਪਾਠਕ ਦੇ ਰਹੇ ਹਨ।

ਜਿਵੇਂ ਗੁਰਬਖਸ਼ ਸਿੰਘ ਹੁਰਾਂ ਨੇ ਆਪਣੇ ਪਰਚੇ ਪ੍ਰੀਤ ਲੜੀ ਰਾਹੀਂ, ਲੋਕਾਂ ਵਿਚ ਪਿਆਰ ਮੁਹੱਬਤ ਦੀ ਚਿਣਗ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਪਿਆਰ ਮੁਹੱਬਤ ਦੇ ਏਸੇ ਜਜ਼ਬੇ ਨੂੰ ਨਾਨਕ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਅੱਗੇ ਤੋਰਿਆ। ਏਹ ਝਲਕ ਉਨ੍ਹਾਂ ਦੇ ਨਾਵਲ "ਅੱਧ ਖਿੜਿਆ ਫੁੱਲ 'ਪਵਿੱਤਰ ਪਾਪੀ' ਅਤੇ 'ਪਿਆਰ ਦੀ

ਦੁਨੀਆਂ' ਵਿਚ ਬਾਖੂਬੀ ਮਿਲਦੀ ਹੈ।

ਨਾਨਕ ਸਿੰਘ ਹੁਰਾਂ ਦਾ ਮੰਨਣਾ ਇਹ ਸੀ ਕਿ ਸਾਹਿਤ, ਸਾਹਿਤ ਲਈ ਨਾ ਹੋ ਕੇ ਸਮਾਜ ਲਈ ਹੁੰਦਾ ਹੈ। ਇਸ ਲਈ ਹੀ ਉਨ੍ਹਾਂ ਨੇ ਸਮਾਜਕ ਬੁਰਾਈਆਂ ਨੂੰ ਦੂਰ ਕਰਨ ਲਈ ਆਪਣੀ ਨਾਵਲ ਰਚਨਾ ਨੂੰ ਜ਼ਰੀਆ ਬਣਾਈਆ। ਉਸ ਵੇਲੇ ਪੰਜਾਬੀ ਲੇਖਕਾਂ ਲਈ ਛਾਪਾ ਖਾਨਾ ਖੋਲ੍ਹਣਾ ਅਤੇ ਕੋਈ ਪਰਚਾ ਕੱਢਣਾ, ਵੱਡੇ ਹੋਣ ਦੀ ਗੱਲ ਸਮਝੀ ਜਾਂਦੀ ਸੀ। ਭਾਵੇਂ ਉਹ ਛਾਪਾਖਾਨਾਂ ਪੈਸੇ ਦੀ ਮਾਰ ਖਾ ਕੇ ਕੁਝ ਚਿਰ ਪਿੱਛੋਂ ਬੰਦ ਹੀ ਕਿਉਂ ਨਾ ਹੋ ਜਾਵੇ। ਨਾਨਕ ਸਿੰਘ ਹੁਰਾਂ ਵੀ ਇਹ ਸ਼ੌਂਕ ਪਾਲਿਆ। ਪਰ ਗੱਲ ਉਹੀ ਹੋਈ। ਪਰਚਾ ਮੁਫਤ ਵੰਡਦਿਆਂ ਪ੍ਰੈਸ ਘਾਟੇ ਵਿਚ ਚਲੇ ਗਈ। ਕਰਜਾਈ ਹੋ ਕੇ ਸਭ ਕੁਝ ਬੰਦ ਕਰ ਦਿੱਤਾ।

ਡਲਹੌਜੀ ਦਾ ਤੜਕ ਭੜਕ ਵਾਲਾ ਪਰ ਸਕੂਨ ਭਰਿਆ ਵਾਤਾਵਰਣ ਉਨ੍ਹਾਂ ਦੇ ਦਿਲ ਵਿਚ ਘਰ ਕਰ ਗਿਆ ਉਨ੍ਹਾਂ ਨੇ ਹਰ ਸਾਲ ਕੁਝ ਸਮਾਂ ਉਥੇ ਬਿਤਾਉਣ ਦਾ ਫੈਸਲਾ ਕੀਤਾ। ਉਹ ਜਿੰਨਾ ਚਿਰ ਉਥੇ ਰਹਿੰਦੇ ਇਕ ਨਵਾਂ ਨਾਵਲ ਤਿਆਰ ਕਰ ਲੈਂਦੇ। ਇਸ ਤਰ੍ਹਾਂ ਉਨ੍ਹਾਂ ਬਹੁਤ ਸਾਰੇ ਨਾਵਲ ਡਲਹੌਜੀ ਰਹਿਕੇ ਲਿਖੇ ਉਨ੍ਹਾਂ ਨਾਵਲ ਹੀ ਨਹੀਂ ਨਾਟਕ-ਕਹਾਣੀ, ਕਵਿਤਾ ਤੋਂ ਤਾਂ ਉਨ੍ਹਾਂ ਦੀ ਸ਼ੁਰੂਆਤ ਹੋਈ ਸੀ। ਲੇਖ ਅਤੇ ਸਵੈ ਜੀਵਨੀ ਵੀ ਲਿਖੇ। ਉਹ ਸਾਹਿਤਕਾਰ ਦੇ ਨਾਲ ਨਾਲ ਸਫਲ ਗ੍ਰਿਹਸਥੀ ਵੀ ਸਨ। ਏਥੇ ਖੁਸ਼ੀ ਦੀ ਗੱਲ ਇਹ ਹੈ ਕਿ ਇਨ੍ਹਾਂ ਦੇ ਬੱਚਿਆਂ ਨੇ ਵੀ ਸਾਹਿਤ ਨੂੰ ਭਰਪੂਰ ਯੋਗਦਾਨ ਦਿੱਤਾ ਹੈ। ਨਹੀਂ ਤਾਂ ਬਹੁਤੇ ਲੇਖਕਾਂ ਦੇ ਬੱਚੇ ਲਿਖਣਾ ਤਾਂ ਕੀ ਪੜ੍ਹਣ ਨੂੰ ਹੀ ਰਾਜੀ ਨਹੀਂ ਹਨ। ਮੈਂ ਉਨ੍ਹਾਂ ਦੇ ਬੱਚਿਆਂ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ। ਸਾਹਿਤਕਾਰ ਨਾਨਕ ਸਿੰਘ ਜੀ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਕਹਿਕੇ ਸਤਿਕਾਰ ਦਿੰਦੇ ਹਨ।

ਨਾਨਕ ਸਿੰਘ ਹੁਰਾਂ ਦਾ ਇਹ ਵੀ ਮੰਨਣਾ ਹੈ ਕਿ "ਨਾਵਲਕਾਰ ਆਪਣੇ ਸਮਾਜ ਦਾ ਪੱਥ-ਪਰਦਰਸ਼ਕ ਵੀ ਹੈ, ਚੌਂਕੀਦਾਰ ਵੀ ਹੈ ਤੇ ਡਾਕਟਰ ਵੀ।"

ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਉਤੇ ਹਿੰਦੀ ਫਿਲਮ ਬਣੀ ਸੀ।"ਇਕ ਮਿਆਨ ਦੋ ਤਲਵਾਰਾਂ' ਨੂੰ ਸਾਹਿਤ ਅਕਾਦਮੀ ਵਲੋਂ ਇਨਾਮ ਮਿਲਿਆ ਸੀ।

ਇਕ ਥਾਂ ਉਨ੍ਹਾਂ ਆਪਣੀ ਮਾਤਾ ਬਾਰੇ ਲਿਖਦਿਆਂ ਕਿਹਾ ਸੀ ਕਿ ਉਹ ਬਦਨਸੀਬ ਮਾਂ ਸੀ। ਕਿਉਂਕਿ ਉਹ ਜੁਆਨੀ ਵਿਚ ਵਿਧਵਾ ਹੋ ਗਈ ਸੀ ਤੇ ਉਸ ਨੇ ਬਹੁਤ ਹੀ ਮਿਹਨਤ ਅਤੇ ਸੰਘਰਸ਼ ਕਰਦਿਆਂ ਆਪਣੇ ਬੱਚਿਆਂ ਨੂੰ ਪਾਲਿਆ।

ਨਾਨਕ ਸਿੰਘ ਹੁਰਾਂ ਦੀ ਦੇਣ ਨੂੰ ਦੇਖਦਿਆਂ 1997 ਵਿਚ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਉਨ੍ਹਾਂ ਦੀ ਜਨਮ ਸ਼ਤਾਬਦੀ ਉੱਪਰ ਇਕ ਡਾਕ ਟਿਕਟ ਜਾਰੀ ਕਰਕੇ ਉਨ੍ਹਾਂ ਦੀ ਰਚਨਾ ਨੂੰ ਸ਼ਰਧਾਂਜਲੀ ਦਿੱਤੀ। ਪੰਜਾਬੀ ਸਾਹਿਤਕਾਰ ਨਾਨਕ ਸਿੰਘ ਜੀ ਦੀ ਤੁਲਨਾ ਮੁਨਸ਼ੀ ਪ੍ਰੇਮ ਚੰਦ- ਮੈਥਿਊ ਆਰਨਲਡ-ਚਾਰਲਸ ਡਿਕਨਜ਼ ਵਗੈਰਾ ਵੱਡੇ ਵਿਦੇਸ਼ੀ ਲੇਖਕਾਂ ਨਾਲ ਕਰਦੇ ਹਨ। ਬੇਸ਼ਕ ਉਨ੍ਹਾਂ ਦੀ ਸਕੂਲੀ ਵਿੱਦਿਆ ਘੱਟ ਸੀ ਤਾਂ ਵੀ ਉਨ੍ਹਾਂ ਕੋਲ ਸ਼ਬਦ ਭੰਡਾਰ ਬਹੁਤ ਸੀ ਉਹ ਆਖਰੀ, ਸਾਹਾਂ ਤੱਕ ਸਾਹਿਤ ਰਚਨਾ ਕਰਦੇ ਰਹੇ।

ਆਖਰ 28 ਦਿਸੰਬਰ 1978 ਨੂੰ ਉਹ ਇਸ ਦੁਨੀਆਂ ਤੋਂ ਸਰੀਰਕ ਤੌਰ 'ਤੇ ਚਲੇ



ਗਏ। ਪਰ ਉਨ੍ਹਾਂ ਦੀਆਂ ਰਚਨਾਵਾਂ ਰਹਿੰਦੀ ਦੁਨੀਆਂ ਤੱਕ ਉਨ੍ਹਾਂ ਨੂੰ ਜਿੰਦਾ ਰੱਖਣਗੀਆ।

**ਸੰਪਰਕ** 98762-08542

◆◆◆

## ਘੜੱਮ ਚੌਧਰੀਆਂ ਹੱਥੋਂ ਹੁੰਦੀ ਪੰਜਾਬੀ ਜ਼ੁਬਾਨ ਦੀ ਦੁਰਦਸ਼ਾ: (ਹਰਿਆਣੇ ਦੇ ਪੰਜਾਬੀ ਸਾਹਿਤ ਦੇ ਸੰਦਰਭ ਵਿੱਚ)

**ਡਾ: ਨਿਸ਼ਾਨ ਸਿੰਘ ਰਾਠੌਰ**

ਸਾਹਿਤਕ ਖੇਤਰ ਵਿੱਚ ਕਿਹਾ ਜਾਂਦਾ ਹੈ ਕਿ ਮਾਤ- ਭਾਸ਼ਾ ਦਾ ਦਰਜਾ ਸਭ ਤੋਂ ਉੱਤਮ ਹੁੰਦਾ ਹੈ/ ਉੱਚਾ ਹੁੰਦਾ ਹੈ। ਜਿਹੜੀਆਂ ਕੌਮਾਂ ਆਪਣੀ ਮਾਤ- ਭਾਸ਼ਾ ਤੋਂ ਮੁਨਕਰ ਹੋ ਜਾਂਦੀਆਂ ਹਨ ਉਹ ਦੁਨੀਆਂ ਦੇ ਨਕਸ਼ੇ ਤੋਂ ਮੁੱਕ ਜਾਂਦੀਆਂ ਹਨ/ ਅਲੋਪ ਹੋ ਜਾਂਦੀਆਂ ਹਨ ਅਤੇ ਜਿਹੜੀਆਂ ਕੌਮਾਂ ਆਪਣੀ ਮਾਤ- ਭਾਸ਼ਾ ਨਾਲ ਜੁੜੀਆਂ ਰਹਿੰਦੀਆਂ ਹਨ ਉਹਨਾਂ ਨੂੰ ਮੁਕਾਉਣ ਵਾਲੇ ਮੁੱਕ ਜਾਂਦੇ ਹਨ ਪਰ! ਉਹ ਕੌਮਾਂ ਨਹੀਂ ਮੁੱਕਦੀਆਂ। ਖ਼ੈਰ,

ਪੰਜਾਬ ਨਾਲੋਂ ਸਿਆਸੀ ਰੂਪ ਵਿੱਚ 01 ਨਵੰਬਰ 1966 ਵਿੱਚ ਵੱਖ ਹੋਏ ਸੂਬੇ ਹਰਿਆਣੇ ਅੰਦਰ ਇਸ ਵਕਤ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰਾ ਵੱਸਦਾ ਹੈ। ਪ੍ਰੰਤੂ! ਸਮੇਂ ਦੀਆਂ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਦਾ ਹਸ਼ਰ ਦਿਨੋਂ- ਦਿਨ ਮਾੜਾ ਹੁੰਦਾ ਰਿਹਾ ਹੈ। ਇੱਥੇ ਖਾਸ ਗੱਲ ਇਹ ਹੈ ਕਿ ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਦਾ ਘਾਣ ਕਰਨ ਵਿੱਚ ਜਿੱਥੇ ਸਮੇਂ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ ਉੱਥੇ ਕੁਝ ਹੱਦ ਤੱਕ ਇੱਥੋਂ ਦੇ ਪੰਜਾਬੀ ਵੀ ਕਸੂਰਵਾਰ ਹਨ। ਅੱਜ ਦੇ ਲੇਖ ਵਿੱਚ ਸਰਕਾਰਾਂ ਤੋਂ ਛੁੱਟ ਉਹਨਾਂ 'ਘੜੱਮ ਚੌਧਰੀਆਂ' ਦੀ ਗੱਲ ਕੀਤੀ ਜਾਵੇਗੀ ਜਿਹੜੇ ਮਾਂ- ਬੋਲੀ ਦੇ ਰੁਲਣ ਵਿੱਚ ਵੱਧ ਕਸੂਰਵਾਰ ਹਨ।

ਹਰਿਆਣੇ ਦੇ ਬਹੁਤੇ ਪੰਜਾਬੀ ਆਪਣੀ ਜ਼ੁਬਾਨ ਪ੍ਰਤੀ ਫਿਕਰਮੰਦ ਨਹੀਂ ਹਨ ਅਤੇ ਜਿੰਨੇ ਕੁ ਪੰਜਾਬੀ ਫਿਕਰਮੰਦ ਹਨ ਉਹ ਸਿਆਸੀ ਆਗੂਆਂ, ਨਕਲੀ ਬੁਧੀਜੀਵੀਆਂ ਅਤੇ ਘੜੱਮ ਚੌਧਰੀਆਂ ਦੇ ਮੱਕੜਜਾਲ? ਵਿੱਚ ਘਿਰੇ ਹੋਏ ਹਨ/ ਅਸਹਿਜ ਮਹਿਸੂਸ ਕਰਦੇ ਹਨ। ਹਰਿਆਣੇ ਦੇ ਬਹੁਤ ਸਾਰੇ ਆਪੂ ਬਣੇ ਬੁੱਧੀਜੀਵੀ (ਜਿਹਨਾਂ ਨੇ ਨਾ ਤਾਂ ਖੁਦ ਕੋਈ ਕੰਮ ਕਰਨਾ ਹੁੰਦਾ ਹੈ ਅਤੇ ਨਾ ਹੀ ਦੂਜਿਆਂ ਨੂੰ ਕੰਮ ਕਰਨ ਦੇਣਾ ਹੁੰਦਾ ਹੈ) ਸਿਰਫ਼ ਚੌਧਰ ਦੀ ਭੁੱਖ ਖ਼ਾਤਰ! ਪੰਜਾਬੀ ਮਾਂ- ਬੋਲੀ ਦਾ ਘਾਣ ਕਰ ਰਹੇ ਹਨ/ ਨੁਕਸਾਨ ਕਰ ਰਹੇ ਹਨ।

ਹੈਰਾਨੀ ਦੀ ਹੱਦ ਉਦੋਂ ਹੁੰਦੀ ਹੈ ਜਦੋਂ ਮਾਤ- ਭਾਸ਼ਾ ਦੇ ਸਿਰ ਤੋਂ ਆਪਣੇ ਘਰਾਂ ਦਾ ਗੁਜ਼ਾਰਾ ਚਲਾ ਰਹੇ 'ਚੌਧਰੀ' ਆਪਣੀ ਹੀ ਮਾਂ- ਬੋਲੀ ਦੇ ਸੱਕੇ ਨਹੀਂ ਹੁੰਦੇ। ਅਜਿਹੇ ਘੜੱਮ ਚੌਧਰੀ ਆਪਸੀ ਖਿੱਚਤਾਣ ਵਿੱਚ ਇਸ ਤਰ੍ਹਾਂ ਉਲਝੇ ਹੋਏ ਹਨ ਕਿ ਜੇਕਰ ਕੋਈ ਨਵਾਂ ਸਾਹਿਤਕਾਰ/ ਵਿਦਿਆਰਥੀ ਪੰਜਾਬੀ ਜ਼ੁਬਾਨ ਦੀ ਤਰੱਕੀ ਖ਼ਾਤਰ! ਕੋਈ ਨਵਾਂ ਕਾਰਜ ਆਰੰਭ ਕਰਦਾ ਹੈ ਤਾਂ 'ਘੜੱਮ ਚੌਧਰੀਆਂ' ਦਾ ਇਹ ਟੋਲਾ ਉਸਦੀ ਨੁਕਤਾਚੀਨੀ / ਕਿਰਦਾਰ- ਕੁਸ਼ੀ ਆਰੰਭ ਕਰ ਦਿੰਦਾ ਹੈ ਜਿਸ ਨਾਲ ਕਿ ਉਸ ਸਾਹਿਤਕਾਰ/ ਵਿਦਿਆਰਥੀ

ਦਾ ਹੌਸਲਾ ਟੁੱਟ ਜਾਵੇ ਅਤੇ ਉਹ ਵੀ ਇਹਨਾਂ ਚੌਧਰੀਆਂ ਵਾਂਗੂ ਚੁੱਪਚਾਪ ਆਪਣੇ ਘਰ ਬੈਠ ਜਾਵੇ।

ਹਰਿਆਣੇ ਦੇ ਪੰਜਾਬੀ ਸਾਹਿਤ ਦਾ ਡੂੰਘਾਈ ਨਾਲ ਅਧਿਐਨ ਕਰਨ 'ਤੇ ਇੰਝ ਮਹਿਸੂਸ ਹੁੰਦਾ ਹੈ ਕਿ ਪੰਜਾਬੀ ਜ਼ੁਬਾਨ ਦਾ ਸਰਕਾਰਾਂ ਨਾਲੋਂ ਵੱਧ ਨੁਕਸਾਨ ਇਹਨਾਂ 'ਘੜੰਮ ਚੌਧਰੀਆਂ' ਕਰਕੇ ਹੋਇਆ ਹੈ। ਇਹ ਚੌਧਰੀ ਸੈਮੀਨਾਰਾਂ, ਕਵੀ ਦਰਬਾਰਾਂ, ਸਾਹਿਤਕ ਸਮਾਗਮਾਂ ਵਿੱਚ'ਪਹਿਲੀ' ਲਾਈਨ ਦੀ ਕੁਰਸੀ ਚਾਹੁੰਦੇ ਹਨ/ ਪ੍ਰਧਾਨਗੀ ਮੰਡਲ ਵਿੱਚ ਜਗਹਾ ਚਾਹੁੰਦੇ ਹਨ। ਇਸ ਲਈ ਚਾਹੇ ਮਾਂ- ਬੋਲੀ ਦਾ ਗਲਾ ਹੀ ਕਿਉਂ ਨਾ ਘੁੱਟਿਆ ਜਾਵੇ ? ਇਹ ਸਵੀਕਾਰ ਕਰ ਲੈਣਗੇ। ਫੇਰ ਅਸੀਂ ਸਮੇਂ ਦੀਆਂ ਸਰਕਾਰਾਂ ਨੂੰ ਕਿਸ ਤਰ੍ਹਾਂ ਦੋਸ਼ ਦੇ ਸਕਦੇ ਹਾਂ ?

ਇਸ ਸਮੇਂ ਹਰਿਆਣੇ ਅੰਦਰ ਗਿਣਤੀ ਦੇ ਸਾਹਿਤਕਾਰ ਕਲਮ ਚਲਾ ਰਹੇ ਹਨ। ਹਰ ਸਾਲ ਲਗਭਗ 10 ਤੋਂ 12 ਕਿਤਾਬਾਂ ਹੀ ਪ੍ਰਕਾਸ਼ਿਤ ਹੁੰਦੀਆਂ ਹਨ। ਇੰਨੇ ਕੁ ਹੀ ਆਰਟੀਕਲ ਅਖ਼ਬਾਰਾਂ, ਰਸਾਲਿਆਂ ਵਿੱਚ ਆਪਣੀ ਜਗ੍ਹਾ ਬਣਾ ਪਾਉਂਦੇ ਹਨ। ਪ੍ਰੰਤੂ ! ਪੰਜਾਬੀ ਮਾਂ-ਬੋਲੀ ਦੇ ਸਿਰ ਤੋਂ ਲੱਖਾਂ ਰੁਪਏ ਤਨਖ਼ਾਹਾਂ ਲੈ ਰਹੇ 'ਘੜੰਮ ਚੌਧਰੀ' ਦੂਜਿਆਂ ਨੂੰ ਭੰਡਣ/ ਨਿੰਦਣ ਤੋਂ ਇਲਾਵਾ ਕੋਈ ਕੰਮ ਨਹੀਂ ਕਰ ਰਹੇ। ਹਾਂ, ਜਿਹੜਾ ਕੋਈ ਕਰਨ ਲਈ ਸੋਚਦਾ ਵੀ ਹੈ, ਉਸਨੂੰ ਹੇਠਾਂ ਡੇਗਣ ਲਈ ਯਤਨ ਕਰਨ/ ਵਿਉਂਤ ਘੜਨ ਵਿੱਚ ਆਪਣੀ ਤਾਕਤ ਅਤੇ ਸਮਾਂ ਲਾ ਦਿੰਦੇ ਹਨ ਪਰ! ਮਾਤ ਭਾਸ਼ਾ ਦੀ ਤਰੱਕੀ ਲਈ ਕੋਈ ਕਦਮ ਨਹੀਂ ਪੁੱਟਣਗੇ। ਖ਼ੈਰ,

ਹਰਿਆਣਾ ਦਾ ਪੰਜਾਬੀ ਸਾਹਿਤਕ ਖ਼ੇਤਰ ਭਾਵੇਂ ਛੋਟਾ ਹੈ ਪ੍ਰੰਤੂ ! ਇੱਥੇ ਹਰ ਜਿਲ੍ਹੇ ਵਿੱਚ ਵੱਖ-ਵੱਖ ਸਾਹਿਤਕ ਸੰਸਥਾਵਾਂ ਬਣੀਆਂ ਹੋਈਆਂ ਹਨ। ਇਹ ਸੰਸਥਾਵਾਂ ਆਪਣੇ ਪੱਧਰ 'ਤੇ ਚੰਗਾ ਕੰਮ ਕਰ ਰਹੀਆਂ ਹਨ ਪਰ! ਇਹਨਾਂ ਵਿੱਚ ਵੀ ਨਵੇਂ ਸਾਹਿਤਕਾਰ/ ਵਿਦਿਆਰਥੀ ਹੀ ਸ਼ਾਮਿਲ ਹਨ। ਇਹਨਾਂ ਦੇ ਉੱਪਰਾਲੇ ਭਾਵੇਂ ਜ਼ਮੀਨੀ ਪੱਧਰ ਉੱਪਰ ਕਾਰਗਰ ਸਾਬਿਤ ਹੋ ਰਹੇ ਹਨ ਪਰ! ਵੱਡੇ ਪੱਧਰ 'ਤੇ ਉਂਨਾ ਅਸਰ ਨਹੀਂ ਪਾ ਪਾਉਂਦੇ ਜਿੰਨਾ ਪਾਉਣਾ ਚਾਹੀਦਾ ਹੈ/ ਜਿੰਨਾ ਇਸ ਵਕਤ ਜ਼ਰੂਰਤ ਹੈ।

ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਦੀ ਹਾਲਤ ਉੱਪਰ ਅਖ਼ਬਾਰਾਂ ਰਸਾਲਿਆਂ ਵਿੱਚ ਲਿਖਣ ਵਾਲੇ ਵੀ 'ਕਲਮਕਾਰ' ਵੀ ਗਿਣਤੀ ਦੇ ਹੀ ਹਨ। ਇਹਨਾਂ ਕਲਮਕਾਰਾਂ ਨੂੰ ਵੀ 'ਘੜੰਮ ਚੌਧਰੀਆਂ' ਦੀਆਂ ਨੁਕਤਾਚੀਨੀਆਂ ਦਾ ਅਕਸਰ ਹੀ ਸਾਹਮਣਾ ਕਰਨਾ ਪੈਂਦਾ ਹੈ। ਇਸੇ ਕਰਕੇ ਬਹੁਤੇ ਕਲਮਕਾਰ ਇਸ ਖ਼ੇਤਰ ਤੋਂ ਕਿਨਾਰਾ ਕਰ ਗਏ ਹਨ ਅਤੇ ਨਵੇਂ ਕਲਮਕਾਰ ਇਸ ਖ਼ੇਤਰ ਵਿੱਚ ਆਉਣਾ ਹੀ ਨਹੀਂ ਚਾਹੁੰਦੇ।

ਹਰਿਆਣੇ ਦੇ ਪੰਜਾਬੀ ਜੇਕਰ ਸਹੀ ਅਰਥਾਂ ਵਿੱਚ ਆਪਣੀ ਜ਼ੁਬਾਨ ਦਾ ਵਿਕਾਸ ਚਾਹੁੰਦੇ ਹਨ ਤਾਂ ਸਭ ਤੋਂ ਪਹਿਲਾਂ ਇਹਨਾਂ ਘੜੰਮ ਚੌਧਰੀਆਂ ਨੂੰ ਨੱਥ ਪਾਉਣ; ਕਿਉਂਕਿ ਜੇਕਰ ਨਵੇਂ ਵਿਦਿਆਰਥੀ ਹੀ ਇਸ ਖ਼ੇਤਰ ਤੋਂ ਕਿਨਾਰਾ ਕਰ ਲੈਣਗੇ ਫਿਰ ਹਰਿਆਣੇ ਵਿੱਚ ਪੰਜਾਬੀ ਜ਼ੁਬਾਨ ਦਾ ਭਵਿੱਖ ਕੀ ਹੋਵੇਗਾ ? ਦੂਜੀ ਗੱਲ, ਕੁਰਸੀ ਜਾਂ ਚੌਧਰ ਦੀ ਖ਼ਾਤਰ ! ਆਪਣੀ ਮਾਂ ਬੋਲੀ ਨਾਲ ਗੱਦਾਰੀ ਸਭ ਤੋਂ ਵੱਡਾ ਗੁਨਾਹ ਹੈ। ਹਰਿਆਣੇ ਦੇ



ਪੰਜਾਬੀਆਂ ਨੂੰ ਇਸ ਤੋਂ ਬਚਣਾ ਚਾਹੀਦਾ ਹੈ। ਮਾਂ- ਬੋਲੀ ਦੇ ਸਿਰ ਤੋਂ ਜੇਕਰ ਘਰ ਦਾ ਗੁਜ਼ਾਰਾ ਚੱਲ ਰਿਹਾ ਹੈ ਤਾਂ ਖ਼ੁਦ ਨੂੰ ਵੀ ਆਪਣੀ ਇਖ਼ਲਾਕੀ ਜ਼ਿੰਮੇਵਾਰੀ ਦਾ ਪਾਲਣ ਕਰਨਾ ਚਾਹੀਦਾ ਹੈ।

ਇਸ ਤਰ੍ਹਾਂ ਉੱਪਰ ਕੀਤੀ ਗਈ ਵਿਚਾਰ ਤੋਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਦੀ ਦੁਰਦਸ਼ਾ ਲਈ ਜਿੱਥੇ ਸੂਬਾ ਸਰਕਾਰਾਂ ਜ਼ਿੰਮੇਵਾਰ ਹਨ ਉੱਥੇ ਹੀ 'ਘੜੰਮ ਚੌਧਰੀ' ਵੀ ਕਸੂਰਵਾਰ ਹਨ। ਸਾਹਿਤ ਸੱਭਿਆਚਾਰ ਉਦੋਂ ਪ੍ਰਫੁਲਿੱਤ ਹੁੰਦਾ ਹੈ ਜਦੋਂ ਬੁੱਧੀਜੀਵੀ ਵਰਗ ਹੱਲਾਸ਼ੇਰੀ ਦੇਵੇ, ਵਿਦਿਆਰਥੀ/ ਸਾਹਿਤਕਾਰ ਵਰਗ ਸਾਰਥਕ ਯਤਨ ਕਰੇ ਅਤੇ ਅਵਾਮ (ਜਨਤਾ) ਸਾਥ ਦੇਵੇ। ਇਹ ਤਿੰਨੇ ਕਾਰਜ ਇੱਕੋ ਪੱਧਰ 'ਤੇ ਕਾਰਜਸ਼ੀਲ ਹੋਣ ਤਾਂ ਹੀ ਕਿਸੇ ਬੋਲੀ ਦਾ ਵਿਕਾਸ ਸੰਭਵ ਹੋ ਸਕਦਾ ਹੈ ਅਤੇ ਕੋਈ ਸਰਕਾਰ ਜਾਂ ਤਾਕਤ ਉਸ ਜ਼ੁਬਾਨ ਦੇ ਵਿਕਾਸ ਨੂੰ ਰੋਕ ਨਹੀਂ ਸਕਦੀ। ਪਰ! ਪੰਜਾਬੀ ਜ਼ੁਬਾਨ ਦੇ ਸੰਬੰਧ ਵਿੱਚ ਇਹ ਕਾਰਜ ਕਦੋਂ ਹੁੰਦਾ ਹੈ ? ਇਹ ਅਜੇ ਭਵਿੱਖ ਦੀ ਕੁੱਖ ਵਿੱਚ ਹੈ।

0 1054/1, **ਵਾ: ਨੰ: 15ਏ,**
**ਭਗਵਾਨ ਨਗਰ ਕਾਲੌਨੀ,**
**ਪਿੱਪਲੀ, ਕੁਰੂਕਸ਼ੇਤਰ**
**ਸੰਪਰਕ**: 90414-98009

◆◆◆

*ਵਿਅੰਗ*

## ਮੇਰੀ ਇਕਵੰਜਾ ਹਜ਼ਾਰੀ ਪੁਸਤਕ ਦਾ ਲਾਈਵ ਰਲੀਜ਼ ਸਮਾਗਮ

**ਪ੍ਰਤਾਪ ਪਾਰਸ ਗੁਰਦਾਸਪੁਰੀ**

ਮੇਰੀ ਪੁਸਤਕ,ਨਵੀਂ ਨਵੇਲੀ ਦੁਲਹਨ ਦੇ ਵਾਂਗ ਸੂਹੇ ਰੰਗ ਦੇ ਚਮਕੀਲੇ ਕਾਗਜ਼ ਵਿਚ ਲਪੇਟੀ ਹੋਈ ਪ੍ਰਧਾਨਗੀ ਮੰਡਲ ਦੇ ਟੇਬਲ ਦੇ ਐਨ ਵਿਚਕਾਰ ਘੁੰਡ ਚੁੱਕ, ਘੁੰਡ ਚੁੱਕ ਕਰ ਰਹੀ ਸੀ। ਹਾਲ ਦੇ ਗੇਟ ਦੇ ਬਿਲਕੁੱਲ ਕੋਲ ਹੀ ਬਿਸਲੇਰੀ ਦੀਆਂ ਛੋਟੀਆਂ ਪਾਣੀ ਦੀਆਂ ਬੋਤਲਾਂ ਇਕ ਟੇਬਲ 'ਤੇ ਲਗਾਈਆਂ ਹੋਈਆਂ ਸਨ। ਹਰ ਕੋਈ ਆਉਣ ਵਾਲਾ ਕਵੀ/ਸਰੋਤਾ ਭਾਵੇਂ ਇਕ ਘੁੱਟ ਹੀ ਭਰ ਕੇ ਬਾਕੀ ਪੌਣੀ ਬੋਤਲ ਪਰਾਂ ਪਏ ਡਸਟਬਿੰਨ ਵਿਚ ਵਗਾਹ ਮਾਰਦਾ ਪਰ ਮੇਰੇ ਸੱਤ ਰੁਪਏ ਪੀਂ ਹੋ ਜਾਂਦੇ। ਪਾਣੀ ਤੋਂ ਥੋੜ੍ਹਾ ਜਿਹਾ ਅੱਗੇ ਕਰਕੇ ਆਪਣੀ ਸਭਾ ਦੇ ਪ੍ਰਧਾਨ ਜਨਾਬ ਪ੍ਰੇਮ ਸਿੰਘ 'ਪੰਗੂ' ਅਤੇ ਆਪਣੇ ਉਸਤਾਦ ਸ੍ਰੀ ਦਿਆ ਰਾਮ 'ਦਾਈ' ਜੀ ਦੇ ਹੁਕਮ ਅਨੁਸਾਰ ਇਕ ਵੱਡੇ ਟੇਬਲ 'ਤੇ ਚਾਹ ਅਤੇ ਦੋ- ਤਿੰਨ ਤਰ੍ਹਾਂ ਦੇ ਬਿਸਕੁਟ ਲਗਾਏ ਹੋਏ ਸਨ। ਆਉਣ ਵਾਲੇ ਕਈ ਲੋਕ ਚਾਹ ਦੇ ਕੱਪ ਦੇ ਨਾਲ ਚਾਰ ਬਿਸਕੁਟ ਖਾ ਲੈਂਦੇ ਤੇ ਨਾਲੇ ਤੁਰਦੇ-ਤੁਰਦੇ ਕਹਿ ਜਾਂਦੇ ਯਾਰ ਬਿਸਕੁਟ ਕੁਝ ਸਿੱਲ੍ਹੇ ਜਿਹੇ ਨੇ। ਦੂਜਾ ਸਾਥੀ ਬੋਲਦਾ ਯਾਰ ਚਾਹ ਵੀ ਬਹੁਤੀ ਸਵਾਦ ਨਹੀਂ ਬਣੀ ਹੋਈ ਸੀ। ਮੈਂ

ਟੇਡੀ ਜਿਹੀ ਅੱਖ ਨਾਲ ਵੇਖ ਰਿਹਾ ਸੀ ਤੇ ਇਕ ਕੰਨ ਨਾਲ ਸੁਣ ਵੀ ਰਿਹਾ ਸੀ।

ਮੁੱਖ ਮਹਿਮਾਨ ਹਜ਼ਾਰਾ ਸਿੰਘ 'ਹੱਥ ਘੁੱਟ' ਦੇ ਲੇਟ ਆਉਣ ਕਾਰਨ ਪ੍ਰੋਗਰਾਮ ਦਿੱਤੇ ਹੋਏ ਟਾਇਮ ਤੋਂ ਪੂਰਾ ਡੂਢ ਘੰਟਾ ਲੇਟ ਸ਼ੁਰੂ ਹੋਇਆ। ਤਹਿ ਕੀਤੀ ਹੋਈ ਰੂਪ ਰੇਖਾ ਅਨੁਸਾਰ ਜਮਾਂਦਰੂ ਪ੍ਰਧਾਨਗੀ ਮੰਡਲ ਬਿਠਾਇਆ ਗਿਆ। ਬੇਸ਼ੱਕ ਕੁਝ ਨਵੇਂ ਉੱਠਦੇ ਤਿਕੜਮਬਾਜ ਲੇਖਕ ਪ੍ਰਧਾਨਗੀ ਮੰਡਲ ਤੋਂ ਕੁਝ ਦੂਰੀ 'ਤੇ ਹੀ ਬੈਠੇ ਸਨ ਪਰ ਪਹਿਲੀ ਕਤਾਰ ਵਿਚ ਬੈਠ ਕੇ ਉਨ੍ਹਾਂ ਦੇ ਮਨ ਨੂੰ ਕੁਝ ਤੱਸਲੀ ਜਿਹੀ ਲੱਗ ਰਹੀ ਸੀ ਕਿ ਕੋਈ ਨਾ,ਆਉਣ ਵਾਲੇ ਸਮੇਂ ਵਿਚ ਸਾਡੀ ਜਗ ?ਹਾ ਓਥੇ ਹੀ ਹੋਵੇਗੀ।

ਸਟੇਜ ਸਕੱਤਰ ਚਤਰ ਸਿੰਘ 'ਚਿੱਬਕੱਢ' ਨੇ ਸਟੇਜ ਸੰਭਾਲੀ। ਚੋਰੀ ਕਰਕੇ ਆਪਣੇ ਬਣਾਏ ਘਸੇ-ਪਿੱਟੇ ਸ਼ਿਅਰਾਂ ਨਾਲ ਸਟੇਜ਼ ਦੀ ਕਾਰਵਾਈ ਚਲਾਈ। ਪਹਿਲਾਂ ਕਵੀ ਦਰਬਾਰ ਵਿਚ ਆਏ ਕਵੀਆਂ ਨੇ ਆਪਣੇ ਦਿਲਾਂ ਦਾ ਖ਼ੂਬ ਗੁੱਭ ਗਭਾਟ ਕੱਢਿਆ। ਨਵੇਂ-ਨਵੇਂ ਬਣੇ ਸਾਹਿਤਕ ਪੰਡਤਾਂ ਨੇ ਆਪਣੇ-ਆਪਣੇ ਕਲਾਮਾਂ ਦੇ ਨਾਲ ਆਪਣੀ ਵਿਦਵਤਾ ਵੀ ਘੋਟੀ। ਫਲਾਣੇ ਨੂੰ ਗ਼ਜ਼ਲ ਲਿਖਣੀ ਨਹੀਂ ਆਉਂਦੀ,

ਢਿਮਕੇ ਨੂੰ ਕਵਿਤਾ ਦੀ ਸਮਝ ਨਹੀਂ,ਉਹਦੇ ਸ਼ਿਅਰ ਯਥਾਰਥ ਤੋਂ ਬਹੁਤ ਪਰੇ ਹੁੰਦੇ ਨੇ,ਉਹਨੂੰ ਤਸ਼ਬੀਹਾਂ ਨਹੀਂ ਦੇਣੀਆਂ ਆਉਂਦੀਆਂ,ਨਵੇਂ ਕਵੀਆਂ ਦੇ ਕਾਫ਼ੀਏ-ਰਦੀਫ਼ ਦਰੁਸਤ ਨਹੀਂ ਹੁੰਦੇ ਆਦਿ। ਕਿਤੇ-ਕਿਤੇ ਕੋਈ ਬੁਲਾਰਾ ਮੇਰੇ ਗਰੀਬ ਦੀ ਕਿਤਾਬ ਦੀ ਵਧਾਈ ਵੀ ਦੇ ਦਿੰਦਾ,ਜਿਸ ਨਾਲ ਮੈਨੂੰ ਅਹਿਸਾਸ ਜਿਹਾ ਰਹਿੰਦਾ ਕਿ ਪ੍ਰੋਗਰਾਮ ਮੇਰੀ ਕਿਤਾਬ ਦਾ ਹੀ ਹੋ ਰਿਹਾ ਹੈ। ਕੁਝ ਸਮੇਂ ਬਾਅਦ ਸਾਹਿਤਕ ਸਭਾਵਾਂ ਦੇ ਸਮੂਹ ਜਾਨੀ ਕਿ ਜ਼ਿਲ੍ਹਾ ਸਾਹਿਤ ਸੰਘ ਦੇ ਧੱਕੇ ਨਾਲ ਤੀਜੀ ਵਾਰ ਬਣੇ ਪ੍ਰਧਾਨ ਉਸਤਾਦਾਂ ਦੇ ਉਸਤਾਦ ਸਰਦਾਰ ਜ਼ੋਰਾਵਰ ਸਿੰਘ 'ਜ਼ਿੱਦੀ' ਨੇ ਮੇਰੀ ਕਿਤਾਬ 'ਤੇ ਪਰਚਾ ਪੜਿਆ। ਉਨ੍ਹਾਂ ਨੇ ਪਹਿਲਾਂ ਤਾਂ ਦਸ ਮਿੰਟ ਮੇਰੀ ਕਿਤਾਬ 'ਤੇ ਕੋਈ ਗੱਲ ਹੀ ਨਾ ਕੀਤੀ ਬਸ ਆਪਣੀਆਂ ਪ੍ਰਾਪਤੀਆਂ ਹੀ ਦੱਸੀਆਂ। ਆਖੀਰ ਵਿਚ ਜੇ ਉਨ੍ਹਾਂ ਮੇਰੀ ਕਿਤਾਬ ਦੀ ਗੱਲ ਕੀਤੀ ਹੀ ਤਾਂ ਮੇਰੀ ਸਾਰੀ ਕੀਤੀ ਕੱਤਰੀ 'ਤੇ ਮਿੱਟੀ ਹੀ ਪਾ ਦਿੱਤੀ, ਅਖੇ, ਇਸ ਕਿਤਾਬ ਵਿਚ ਸੌ ਨਹੀਂ ਹਜ਼ਾਰਾਂ ਗਲਤੀਆਂ ਹਨ,ਇਸਦੀਆਂ ਰਚਨਾਵਾਂ ਵਿਚ ਲੇਖਕ ਦਾ ਜਨੂੰਨ ਹੀ ਭਾਰੂ ਦਿਸ ਰਿਹਾ ਹੈ,ਸਾਹਿਤ ਦਾ ਰਸ ਨਹੀਂ ਲੱਭ ਰਿਹਾ,ਕਿਉਂਕਿ ਕਈ ਵਾਰ ਨਵੇਂ ਲੇਖਕ ਜਲਦ ਬਾਜੀ ਵਿਚ ਕਿਤਾਬ ਛਪਵਾ ਲੈਂਦੇ ਹਨ ਪਰ ਅਜੇ ਉਨ੍ਹਾਂ ਦੀਆਂ ਰਚਨਾਵਾਂ ਕੱਚੀਆਂ-ਪਿੱਲੀਆਂ ਹੀ ਹੁੰਦੀਆਂ ਹਨ। ਮੈਂ ਸਮਝਦਾ ਹਾਂ ਇਸ ਵਿਚ ਇਕੱਲਾ ਨਵੇਂ ਲੇਖਕਾਂ ਦਾ ਹੀ ਕਸੂਰ ਨਹੀਂ ਸਗੋਂ ਅਖੌਤੀ ਸੰਪਾਦਕਾਂ ਵੱਲੋਂ ਚਲਾਈਆਂ ਜਾ ਰਹੀਆਂ ਆਨ-ਲਾਈਨ ਅਖਬਾਰਾਂ ਜਿਸ ਵਿਚ ਬਹੁਤ ਹੀ ਘਟੀਆ ਦਰਜੇ ਦੀਆਂ ਰਚਨਾਵਾਂ ਛਾਪੀਆਂ ਜਾ ਰਹੀਆਂ ਹਨ ।ਇਸ ਤੋਂ ਅੱਗੇ ਸਾਡੇ ਕਈ ਫੇਸਬੁੱਕੀਏ ਪਾਠਕ ਸੱਜਣ ਜੋ ਸਿਰਫ ਡੀ ਪੀ ਦੇਖ ਕੇ ਹੀ ਲਾਈਕ ਕੁਮੈਂਟਜ਼ ਕਰਦੇ ਹਨ, ਦਾ ਵੀ ਭਰਪੂਰ ਯੋਗਦਾਨ ਹੈ। ਕੁੱਲ ਮਿਲਾ ਕੇ ਇਸਨੂੰ ਕਿਸੇ ਕਾਬਲ ਉਸਤਾਦ ਦੀ ਲੋੜ ਹੈ ਜੋ ਇਸਨੂੰ ਸਹੀ ਦਿਸ਼ਾ ਵੱਲ ਤੋਰ ਸਕੇ। ਉਸਤਾਦ ਤੋਂ ਉਸਦਾ ਭਾਵ ਆਪਣੇ ਆਪ ਤੋਂ ਹੀ ਸੀ।

ਪ੍ਰੋਗਰਾਮ ਦੇ ਅਖੀਰਲੇ ਪੜਾਅ ਵਿਚ ਕੁਝ ਕਵੀ ਹੋਰ ਭੁਗਤਾਉਣ ਤੋਂ ਬਾਅਦ ਸਟੇਜ



ਸਕੱਤਰ ਨੇ ਵੀ ਇਕ ਬੇਸੁਰੇ ਗੀਤ ਨਾਲ ਆਪਣੇ ਗਲ਼ੇ ਦੀ ਖ਼ੂਬ ਉੱਲੀ ਲਾਹੀ।

ਮੇਰੀ ਸਭਾ ਦੇ ਮੁੱਖ ਸਲਾਹਕਾਰ ਸ੍ਰੀ ਕਰਨੈਲ ਸਿੰਘ 'ਕਮਲਾ' ਨੇ ਸਾਰੇ ਪ੍ਰੋਗਰਾਮ ਦੀ ਸਮੀਖਿਆ ਕਰਦਿਆਂ ਤਕਰੀਬਨ ਪੌਣਾ ਘੰਟਾ ਖਾਧਾ। ਇਸ ਤੋਂ ਬਾਅਦ ਪ੍ਰੋਗਰਾਮ ਵਿਚ ਆਏ ਨਾਮਵਰ ਕਵੀਆਂ ਦਾ ਲੋਈਆਂ ਅਤੇ ਸਨਮਾਨ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ ਤੇ ਸਟੇਜ਼ ਤੋਂ ਦੁਪਹਿਰ ਦੇ ਖਾਣੇ ਦਾ ਸੱਦਾ ਦੇ ਦਿੱਤਾ ਗਿਆ। ਮੇਰੇ ਕਿਤਾਬਾਂ ਦੇ ਸਟਾਲ ਨਾਲੋਂ ਨਾਨ-ਛੋਲਿਆਂ ਵਾਲੇ ਦੇ ਦੁਆਲੇ ਭੀੜ ਜ਼ਿਆਦਾ ਲੱਗ ਰਹੀ ਕੁਝ ਸੱਜਣ ਪਹਿਲਾਂ ਆਈਸਕ੍ਰੀਮ ਦਾ ਕੰਮ ਮੁਕਾ ਰਹੇ ਸਨ ਕਿਉਂਕਿ ਸਾਹਿਤ ਸਭਾਵਾਂ ਦੇ ਪ੍ਰੋਗਰਾਮਾਂ ਵਿਚ ਆਈਸਕਰੀਮ ਛੇਤੀ ਖ਼ਤਮ ਹੋਣ ਦਾ ਡਰ ਸਦਾ ਹੀ ਰਹਿੰਦਾ ਹੈ।

ਪੱਝੀ ਹਜ਼ਾਰ ਕਿਤਾਬ ਦੀ ਛਪਾਈ,ਪੰਜ ਹਜ਼ਾਰ ਹਾਲ ਦਾ ਕਿਰਾਇਆ,ਦੋ ਹਜ਼ਾਰ ਦੇ ਮੁਮੈਂਟੋ ਅਤੇ ਲੋਈਆਂ,ਦੋ ਹਜ਼ਾਰ ਪਰਚਾ ਪੜ੍ਹਨ ਵਾਲੇ ਨੂੰ,ਦਸ ਹਜ਼ਾਰ ਨਾਨ-ਛੋਲਿਆਂ ਵਾਲੇ ਨੂੰ ਅਤੇ ਸੱਤ ਹਜ਼ਾਰ ਸ਼ਾਮ ਨੂੰ ਉਸਤਾਦ ਲੋਕਾਂ ਦੀ ਗਲਾਸੀ ਜੰਕਸ਼ਨ 'ਤੇ ਕੁੱਲ ਮਿਲਾ ਕੇ ਸੁੱਖ ਨਾਲ ਇਕਵੰਜਾ ਹਜ਼ਾਰ ਦੀ ਬਲੀ ਦੇ ਕੇ ਅਸੀਂ ਬਣ ਗਏ ਇਕ ਕਿਤਾਬ ਦੇ ਰਚੇਤਾ ਹੁਣ ਸਾਡਾ ਨਾਮ ਸਾਹਿਤਕ ਹਲਕਿਆਂ ਵਿਚ ਬਤੌਰ ਕਵੀ ਅਤੇ ਸਾਕ-ਸਬੰਧੀਆਂ ਵਿਚ ਬਤੌਰ 'ਬੁੱਧੂ' ਜਾਣਿਆ ਜਾਨਣ ਲੱਗ ਪਿਆ ਕਿਉਂਕਿ ਉਨ੍ਹਾਂ ਨੇ ਮੇਰੀ ਪੁਸਤਕ ਦਾ ਰਿਲੀਜ਼ ਸਮਾਗਮ ਲਾਈਵ ਵੇਖਿਆ-ਸੁਣਿਆ ਸੀ।

ਹੁਣ ਤੁਸੀਂ ਮੈਨੂੰ ਕਿਸ ਕੈਟਾਗਿਰੀ ਵਿਚ ਗਿਣਦੇ ਹੋ ਇਹ ਤੁਹਾਡੇ ਕੁਮੈਂਟ ਅਤੇ ਫੋਨ ਕਾਲਾਂ ਹੀ ਦੱਸਣਗੀਆਂ।

ਤੁਹਾਡਾ ਆਪਣਾ ਕੱਚ-ਘਰੜ ਸ਼ਾਇਰ
ਬੋਧ ਰਾਜ 'ਬੁੱਧੂ'

**787/10 ਪ੍ਰੇਮ ਨਗਰ,**
**ਹਰਦੋਛੰਨੀ ਰੋਡ ਗੁਰਦਾਸਪੁਰ।**
**ਫੋਨ 9988811681**

◆◆◆

## ਭੋਲੇ ਬੰਦਿਆਂ 'ਚ ਰੱਬ ਵੱਸਦੈ

**ਡਾ: ਨਿਸ਼ਾਨ ਸਿੰਘ ਰਾਠੌਰ**

ਕਾਰਗਿੱਲ ਤੋਂ ਪੰਜ ਮਹੀਨੇ ਮਗ਼ਰੋਂ ਛੁੱਟੀ ਆਇਆ ਤਾਂ ਕਈ ਦਿਨ ਸਿਹਤ ਢਿੱਲੀ ਜਿਹੀ ਰਹੀ। ਅਸਲ ਵਿਚ ਕਾਰਗਿੱਲ ਅਤੇ (ਲੇਹ- ਲੱਦਾਖ਼) ਦੇ ਇਲਾਕੇ ਵਿੱਚ ਮੌਸਮ ਬਹੁਤ ਠੰਢਾ ਹੁੰਦਾ ਹੈ, ਉੱਥੇ ਜੂਨ- ਜੁਲਾਈ ਵਿੱਚ ਵੀ ਰਜਾਈ ਲੈ ਕੇ ਸੌਣਾ ਪੈਂਦਾ ਹੈ। ਪਰ ! ਆਪਣੇ ਇੱਧਰ ਹਰਿਆਣੇ, ਪੰਜਾਬ ਵਿੱਚ ਉਸ ਸਮੇਂ ਕਹਿਰ ਦੀ ਗਰਮੀ ਹੁੰਦੀ ਹੈ। ਇਸ ਲਈ ਜਦੋਂ ਛੁੱਟੀ ਕੱਟ ਕੇ ਵਾਪਸ ਡਿਊਟੀ 'ਤੇ ਮੁੜਦੇ ਹਾਂ ਤਾਂ ਵੀ ਕਈ ਦਿਨ ਸਿਹਤ ਠੀਕ ਨਹੀਂ ਰਹਿੰਦੀ ਅਤੇ ਜਦੋਂ ਛੁੱਟੀ ਆਉਂਦੇ ਹਾਂ ਤਾਂ ਵੀ ਕੁਝ ਦਿਨ ਇਹੀ ਹਾਲ ਰਹਿੰਦਾ ਹੈ। ਇਸ ਕੁਦਰਤੀ ਵਰਤਾਰਾ ਹੈ ਕਿਉਂਕਿ ਸਰੀਰ ਨੂੰ ਮੌਸਮ ਦੇ ਅਨੁਕੂਲ ਹੋਣ

ਵਿੱਚ ਕੁਝ ਸਮਾਂ ਲੱਗਦਾ ਹੈ। ਖ਼ੈਰ!

ਇਸ ਵਾਰ ਵੀ ਜਦੋਂ ਘਰ ਪਹੁੰਚਿਆ ਤਾਂ ਦੋ- ਤਿੰਨ ਦਿਨ ਘਰ ਹੀ ਰਿਹਾ ਕਿਉਂਕਿ ਸਰੀਰ ਟੁੱਟਦਾ ਜਿਹਾ ਜਾਪਦਾ ਸੀ। ਮੈਂ ਕਮਰੇ ਵਿੱਚ ਲੇਟਿਆ ਆਪਣਾ ਮੋਬਾਇਲ ਚਲਾ ਰਿਹਾ ਸਾਂ ਕਿ ਬਾਹਰੋਂ ਫੇਰੀ ਵਾਲੇ ਦੀ ਆਵਾਜ਼ ਕੰਨੀ ਪਈ।

ਮਾਤਾ ਜੀ ਕਹਿਣ ਲੱਗੇ ਕਿ ਆਲੂਆਂ ਦੀ ਬੋਰੀ ਹੀ ਸੁੱਟਵਾ ਲੈਂਦੇ ਹਾਂ ਕਿਉਂਕਿ ਆਉਂਦੇ ਕੁਝ ਦਿਨਾਂ ਵਿਚ ਆਲੂਆਂ ਦੇ ਰੇਟ ਵੱਧਣ ਵਾਲੇ ਹਨ। ਮੈਂ ਹੌਲੀ ਜਿਹੀ ਉੱਠਿਆ ਅਤੇ ਬਾਹਰ ਫੇਰੀ ਵਾਲੇ ਨੂੰ ਆਵਾਜ਼ ਮਾਰੀ।

'ਬਾਈ, ਆਲੂ ਕਿਵੇਂ ਲਾਏ ?' ਮੈਂ ਪੁੱਛਿਆ।

'ਫ਼ੌਜੀ ਸਾਹਬ, ਤੁਸੀਂ ਉਂਝ ਹੀ ਲੈ ਜਾਓ।' ਉਹ ਅੱਗਿਉ ਹੱਸ ਕੇ ਬੋਲਿਆ।

ਮੈਂ ਥੋੜ੍ਹਾ ਹੈਰਾਨੀ ਨਾਲ ਉਸਦੇ ਚਿਹਰੇ ਵੱਲ ਦੇਖਿਆ।

ਕਹਿੰਦਾ, 'ਪਛਾਣਿਆ ਨਹੀਂ ?'

'ਨਾ ਬਾਈ।' ਮੈਨੂੰ ਸੱਚਮੁੱਚ ਉਸਦੀ ਪਛਾਣ ਨਹੀਂ ਸੀ ਆਈ।

'ਮੈਂ ਤੁਹਾਡੇ ਪਿੰਡ ਦਾ 'ਕਾਲੂ' ਹਾਂ।' ਉਹ ਹੱਸ ਕੇ ਬੋਲਿਆ।

'ਕਾਲੂ ?'

'ਆਹੋ!' ਉਸਨੇ ਆਪਣੀ ਪਛਾਣ ਕਰਵਾਉਂਦਿਆਂ ਕਿਹਾ।

'ਅੱਛਾ ਅੱਛਾ' ਮੈਨੂੰ ਉਸਨੂੰ ਚਿਹਰਾ ਚੇਤੇ ਆ ਗਿਆ। ਮੈਂ ਉਸ ਨੂੰ ਘਰ ਚੱਲਣ ਲਿਆ ਕਿਹਾ।

'ਨਾ ਬਾਈ, ਮੇਰੇ ਕੱਪੜੇ ਗੰਦੇ ਨੇ!' ਉਸਨੇ ਸੰਕੋਚ ਕਰਦਿਆਂ ਕਿਹਾ।

ਮੈਂ ਕਿਹਾ, 'ਕੋਈ ਨਾ ਫੇਰ ਕੀ ਹੋਇਆ ? ਤੂੰ ਘਰ ਚੱਲ।'

ਉਹ ਰਤਾ ਸ਼ਰਮ ਜਿਹੀ ਮਹਿਸੂਸ ਕਰ ਰਿਹਾ ਸੀ। ਮੈਂ ਉਸਦੀ ਰੇਹੜੀ ਦਾ ਹੈਂਡਲ ਫੜਿਆ ਅਤੇ ਆਪਣੇ ਘਰ ਦੇ ਬੂਹੇ ਅੱਗੇ ਲੈ ਆਇਆ। ਮੇਰੇ ਪਿੱਛੇ ਉਹ ਵੀ ਘਰ ਦੇ ਅੰਦਰ ਆ ਗਿਆ।

ਮੈਂ ਮੰਜੀ ਡਾਹ ਦਿੱਤੀ। ਪੇਂਡੂ (ਦੇਸੀ) ਬੰਦਾ ਮੇਰੀ ਭਾਵਨਾ ਸਮਝ ਗਿਆ ਅਤੇ ਖੁੱਲ੍ਹਦਿਲੀ ਨਾਲ ਮੰਜੇ 'ਤੇ ਬਹਿ ਗਿਆ। ਮੈਂ ਚਾਹ ਬਣਵਾਉਣ ਲਈ ਰਸੋਈ 'ਚ ਗਿਆ ਤਾਂ ਉਹ ਮੰਜੀ 'ਤੇ ਚੌਂਕੜੀ ਮਾਰ ਕੇ ਬੈਠ ਗਿਆ।

ਚਾਹ ਪੀਂਦਿਆਂ ਉਸਨੇ ਬਰਫ਼ੀ ਦਾ ਪੀਸ ਨਾ ਚੁੱਕਿਆ। ਮੈਂ ਕੋਲ ਬੈਠਾ ਉਸਦੇ ਵੱਲ ਦੇਖ ਰਿਹਾ ਸਾਂ। ਮੈਂ ਕਿਹਾ, 'ਕਾਲੂ, ਬਰਫ਼ੀ ਵੀ ਖਾ ਲੈ।'

ਕਹਿੰਦਾ, 'ਪਹਿਲਾਂ ਚਾਹ ਮੁੱਕ ਲੈਣ ਦੇ। ਫੇਰ ਖਾਵਾਂਗਾ।'

ਮੈਂ ਚੁੱਪ ਕਰ ਗਿਆ। ਚਾਹ ਪੀ ਕੇ ਉਹਨੇ ਬਰਫ਼ੀ ਵਾਲੀ ਪਲੇਟ ਚੁੱਕੀ ਅਤੇ ਖਾਲੀ ਕਰਕੇ ਮੇਰੇ ਅੱਗੇ ਧਰ ਦਿੱਤੀ। ਮੈਂ ਉਸਦੇ ਭੋਲੇਪਣ ਨੂੰ ਸਮਝ ਰਿਹਾ ਸਾਂ। ਉਹ ਅਨਪੜ੍ਹ ਬੰਦਾ 'ਸਮਾਜਿਕਤਾ' ਭਾਵੇਂ ਬਹੁਤੀ ਨਹੀਂ ਸੀ ਜਾਣਦਾ ਪਰ ਦਿਲ ਦਾ ਸਾਫ਼ ਸੀ।

ਚਾਹ ਪੀ ਕੇ ਉਸਨੇ ਖੁਦ ਹੀ ਆਲੂਆਂ ਦੀ ਬੋਰੀ ਸਾਡੇ ਘਰ ਦੇ ਅੰਦਰ ਰੱਖ ਦਿੱਤੀ। ਮੈਂ ਪੈਸੇ ਪੁੱਛੇ ਤਾਂ ਅੱਗਿਉ 'ਨਾ' ਕਰੀ ਜਾਵੇ। ਮੈਂ ਕਿਹਾ, 'ਮਿੱਤਰਾ, ਪੈਸੇ ਤਾਂ ਲੈਣੇ ਪੈਣੇ



ਨੇ।'

ਕਹਿੰਦਾ, 'ਚੱਲ ਧੱਕਾ ਕਰਦਾ ਏਂ ਤਾਂ ਫੇਰ 470 ਦੇ ਛੱਡ ਮੈਂ 500 ਦੀ ਬੋਰੀ ਵੇਚਦਾ ਹਾਂ। ਪਰ ਮੰਡੀਉਂ ਮੈਨੂੰ 470 ਦੀ ਪੈਂਦੀ ਹੈ ਤੂੰ 470 ਹੀ ਦੇ ਛੱਡ।'

ਮੈਂ 500 ਰੁਪਏ ਉਸਦੀ ਜੇਬ ਵਿੱਚ ਪਾ ਦਿੱਤੇ। ਉਹ ਵਾਪਸ ਕਰਨ ਲੱਗਾ ਤਾਂ ਮੈਂ ਮਨ੍ਹਾਂ ਕਰ ਦਿੱਤਾ। ਉਹ ਬਹੁਤ ਖ਼ੁਸ਼ ਹੋ ਕੇ ਚਲਾ ਗਿਆ।

ਇਸ ਵਾਰ ਛੁੱਟੀ ਦੌਰਾਨ ਪਿੰਡ ਗੇੜਾ ਲੱਗਿਆ ਤਾਂ ਪਿੰਡ ਦੇ ਮੌੜ 'ਤੇ ਹੀ ਮੁੰਡਿਆਂ ਨੇ ਮੈਨੂੰ ਘੇਰ ਗਿਆ। ਅਖੇ, 'ਫ਼ੌਜੀਆ, ਕਾਲੂ ਬਹੁਤ ਸਿਫ਼ਤਾਂ ਕਰਦਾ ਹੈ ਤੇਰੀਆਂ।'

ਮੈਂ ਕਿਹਾ, 'ਕੀ ਹੋਇਆ ?'

ਅਖੇ, 'ਫ਼ੌਜੀ ਬਾਹਲਾ ਵਧੀਆ ਬੰਦਾ। ਮੈਨੂੰ ਆਪਣੇ ਘਰ ਲੈ ਗਿਆ, ਮੰਜੇ 'ਤੇ ਬਿਠਾਇਆ ਤੇ ਨਾਲੇ ਚਾਹ ਪਿਆਈ। ਬਰਫ਼ੀ ਖੁਆਈ। ਸੱਚੀ ਫ਼ੌਜੀ ਹੀਰਾ ਬੰਦਾ ਹੈ।'

ਮੈਂ ਕਿਹਾ, 'ਇਹ ਕਿਹੜਾ ਵੱਡਾ ਕੰਮ ਐ, ਆਪਣੇ ਪਿੰਡ ਦਾ ਬੰਦਾ ਸੀ, ਸੋ ਉਸਦੀ ਇੱਜਤ ਕਰਨੀ ਮੇਰਾ ਫਰਜ਼ ਸੀ।' ਖ਼ੈਰ,

ਮੈਂ ਹੈਰਾਨ ਹਾਂ ਕਿ ਦੇਸੀ (ਪੇਂਡੂ) ਬੰਦੇ ਵੀ ਕਿੰਨੇ ਭੋਲੇ ਹੁੰਦੇ ਹਨ। ਰਤਾ ਕੁ ਪਿਆਰ-ਮਹੁੱਬਤ ਨਾਲ ਹੀ ਜਿੱਤੇ ਜਾਂਦੇ ਹਨ। ਅੱਜ ਭਾਵੇਂ ਕਿਸੇ ਨੂੰ ਲੱਖਾਂ ਰੁਪਏ ਦੇ ਦਿਓ ਉਹ ਦਿਲੋਂ ਸਤਿਕਾਰ ਨਹੀਂ ਕਰਦਾ/ ਆਪਣਾਪਣ ਨਹੀਂ ਜਤਾਉਂਦਾ। ਪਰ! ਪੇਂਡੂ ਅਨਪੜ੍ਹ ਬੰਦੇ ਸਿਰਫ਼ ਮੁਹੱਬਤ ਨਾਲ ਹੀ ਜਿੱਤੇ ਜਾ ਸਕਦੇ ਹਨ।

ਗੱਲ ਕੁਝ ਵੀ ਨਹੀਂ ਸੀ। ਪਰ! ਕਾਲੂ ਦੇ ਦਿਲ ਵਿੱਚ ਮੇਰੇ ਪ੍ਰਤੀ ਪਿਆਰ, ਸਤਿਕਾਰ ਸਦਾ ਲਈ ਘਰ ਕਰ ਗਿਆ ਸੀ।

**# 1054/1, 15-ਏ, ਭਗਵਾਨ ਨਗਰ ਕਾਲੋਨੀ,**
**ਪਿੱਪਲੀ, ਕੁਰੂਕਸ਼ੇਤਰ (ਹਰਿਆਣਾ)**
**ਸੰਪਰਕ** - 90414-98009

◆◆◆

# ਕਹਾਣੀਆਂ

## ਅੰਦਰਲਾ ਆਦਮੀ

**– ਸੁਖਮਿੰਦਰ ਸੇਖੋਂ**

ਇਹਦੀ ਦਿੱਤਾ ਭੈਣ ਦੀ. ”ਉਹਨੇ ਆਪਣੇ ਅੰਦਰ ਗੁੱਸੇ ਦੀ ਝੱਗ ਉਗਲਦਿਆਂ ਮੂੰਹ ’ਚ ਹੀ ਗਾਹਲ ਕੱਢੀ, “ਭੈਣ ਦੇਣੇ ਨੂੰ ਇੱਜ਼ਤ ਨੀ ਕਰਨੀ ਔਂਦੀ, ਅਫ਼ਸਰ ਹੋਏਂਗਾ ਸਾਲਿਆ ਆਪਣੇ ਘਰ ਨੂੰ ਹੋਏਗਾ। ਇਕ ਘਸੁੰਨ ਮਾਰਕੇ ਸਾਰੀ ਅਫ਼ਸਰੀ ਦੀ ਧੌਂਸ ਕੱਢ ਦੂੰਗਾ।”ਸੋਚਦਿਆਂ ਉਹ ਬਰਾਮਦੇ ’ਚ ਪਏ ਸਟੂਲ ’ਤੇ ਬੈਠ ਗਿਆ ਤੇ ਟਾਰਚ ਦਾ ਬੰਡਲ ਕੱਢਕੇ ਉਹਨੇ ਇਕ ਬੀੜੀ ਨੂੰ ਆਪਣੇ ਸਖ਼ਤ ਹੱਥ ਪੋਟਿਆਂ ਨਾਲ ਥੋੜ੍ਹਾ ਮਸਲਿਆ ਤੇ ਫੇਰ ਬੀੜੀ ਦੀ ਪਤਲੀ ਨੁੱਕਰ ਨੂੰ ਥੋੜ੍ਹਾ ਜਿੰਨਾ ਤੋੜਕੇ ਥੱਲੇ ਸੁੱਟਿਆ, “ਚੰਗਾ ਖਾਂਦਾ ਪੀਂਦਾ ਆਂ ਸੁੱਖ ਨਾਲ ਇਕ ਖਰਬੂਜੇ ਵਰਗੀ ਰੰਨ ਐ, ਸਿਆਣੀ ਮਾਂ ਐ, ਮੈਂ ਵੀ ਪੜਿਆ ਲਿਖਿਆ ਹਾਂ, ਹਰ ਕੰਮ ’ਚ ਹੁਸ਼ਿਆਰ ਹਾਂ, ਮੈਟ੍ਰਿਕ ਕੀਤੀ ਐ, ਕੀ ਹੋਇਆ ਸੈਕਿੰਡ ਡਵੀਜ਼ਨ ਨੀ ਆਈ, ਇਕ ਨੰਬਰ ਈ ਘੱਟ ਰਹਿ ਗਿਆ ਨਹੀਂ ਤਾਂ ਬਾਬੂ ਬੱਟ ’ਤੇ ਸੀ। ਇਹਦੀ ਮਾਂ ਦੀ..... ਸਾਲਾ ਅਫ਼ਸਰੀ ਘੋਟਦੈ ਮੇਰੇ ਸਾਹਮਣੇ ? ਗੁਲਜ਼ਾਰ ਨੇ ਬੀੜੀ ਸੁਲਗਾ ਉਹਦਾ ਏਨਾ ਲੰਮਾ ਕਸ਼ ਖਿੱਚਿਆ ਕਿ ਉਹਨੂੰ ਜ਼ਬਰਦਸਤ ਹੱਥੂ ਆ ਗਿਆ, ਉਹਦੀਆਂ ਅੰਦਰ ਨੂੰ ਧਸੀਆਂ ਅੱਖਾਂ ਹੋਰ ਅੰਦਰ ਵੱਲ ਨੂੰ ਧਸ ਕੇ ਬਾਹਰ ਵੱਲ ਨੂੰ ਨਿਕਲਦੀਆਂ ਮਹਿਸੂਸ ਹੋਈਆਂ।

ਉਹ ਤੜਪਦਾ ਹੋਇਆ ਉੱਠਿਆ ਤੇ ਉਹਨੇ ਕੋਲ ਬੈਂਚ ’ਤੇ ਪਏ ਜੱਗ ਨੂੰ ਕੋਲ ਹੀ ਪਏ ਗਿਲਾਸ ’ਚ ਉਲਟ ਲਿਆ। ਮਸਾਂ ਹੀ ਅੱਧੇ ਤੋਂ ਅੱਧੇ ਗਿਲਾਸ ਨੂੰ ਉਹ ਹਲਕੋਂ ਅੰਦਰ ਕਰ ਸਕਿਆ। ਉਹਨੂੰ ਫੇਰ ਕੁਝ ਰਾਹਤ ਮਿਲੀ। ਉਹ ਦੁਬਾਰਾ ਬੈਂਚ ’ਤੇ ਆ ਕੇ ਟਿਕ ਗਿਆ। ਬੀੜੀ ਦੁਬਾਰਾ ਸੁਲਗਾਈ ਤੇ ਆਦਤ ਮੁਤਾਬਿਕ ਲੰਮੇ ਕਸ਼ ਖਿੱਚਣ ’ਚ ਮਸਰੂਫ਼ ਹੋ ਗਿਆ ...

“ਕਿਉਂ ਬੀ ਪੰਜ ਬੱਜਗੇ ਜਾਣਾ ਨੀ ਹਾਲੇ ਤੂੰ ਗੁਲਜ਼ਾਰ ਸਿਆਂ ... ?

ਉਹਦੇ ਕੋਲ ਦੀ ਗੁਜ਼ਰਦੇ ਬਾਬੂ ਸ਼ਕਤੀ ਪ੍ਰਸ਼ਾਦ ਨੇ ਬੜੀ ਸਹਿਜਤਾ ਨਾਲ ਗੁਲਜ਼ਾਰ ਨੂੰ ਸਵਾਲ ਕੀਤਾ।

“ਭੈਣ ਦੇ ਖਸਮਾਂ ਚਲਾ ਜਾਂਗਾ ... ਤੈਂ ਡੋਡੇ ਲੈਣੇ ਐਂ ?” ਗੁਲਜ਼ਾਰ ਨੇ ਇਹ ਜ਼ਹਿਰ ਬਾਹਰ ਉਗਲਣਾ ਚਾਹਿਆ, ਪਰ ਆਪਣੇ ਆਪ ਨੂੰ ਦਫ਼ਤਰ ਦੇ ਵੱਡੇ ਬਾਬੂ ਤੋਂ ‘ਗੁਲਜ਼ਾਰ ਸਿਆਂ’ ਸੁਣਕੇ ਉਹਦਾ ਜ਼ਹਿਰ ਅੰਮ੍ਰਿਤ ਬਣ ਪਿਘਲਿਆ।“ਨਹੀਂ... ਨਈਂ... ਬਾਬੂ ਜੀ ਬੱਸ ਚਲਦੇ ਈ ਆਂ .. ਦੋ ਮਿੰਟ ਪਹਿਲਾਂ ਹੋਇਆ ਕਿ ਪਿੱਛੋਂ।

ਤੁਰੰਤ ਹੀ ਅੰਦਰ ਡਾਇਰੈਕਟਰ ਸਾਹਿਬ ਦੀ ਘੰਟੀ ਫੇਰ ਖੜਕੀ। ਗੁਲਜ਼ਾਰ ਦੇ ਅੰਦਰ ਫੇਰ ਜ਼ਹਿਰ ਇਕੱਤਰ ਹੋ ਗਈ। ਉਹਨੇ ਬੀੜੀ ਦਾ ਆਖ਼ਰੀ ਸੂਟਾ ਖਿੱਚਣਾ ਚਾਹਿਆ, ਪਰ ਜਦੋਂ ਧੂੰਆਂ ਉਹਦੇ ਅੰਦਰ ਨਾ ਗਿਆ, ਤਾਂ ਉਸਨੇ ਬੁਝੀ ਹੋਈ ਬੀੜੀ ਨੂੰ ਪੂਰੇ ਗੁੱਸੇ ਨਾਲ ਫਰਸ਼ ’ਤੇ ਪਟਕਾ ਮਾਰਿਆ ਤੇ ਪਰਦਾ ਇਕ ਪਾਸੇ ਹਟਾ ਡਾਇਰੈਕਟਰ ਸਾਹਿਬ ਦੇ ਅੰਦਰ ਜਾ ਖੜ੍ਹਾ ਹੋਇਆ, “ਕਿਉਂ ਬੀ ਤੇਰੀਆਂ ਅੱਜ ਕੱਲ੍ਹ ਬੜੀਆਂ ਸ਼ਕੈਤਾਂ ਆ ਰਹੀਆਂ ਨੇ, ਤੇਰੀ ਨੌਕਰੀ ਕਰਨ ਦੀ ਸਲਾਹ ਸਲੂਹ ਐ ਕਿ ਨਹੀਂ ?”ਉਹ ਹਾਲੇ ਅੰਦਰ ਜਾ ਕੇ ਚੰਗੀ ਤਰ੍ਹਾਂ



ਸੰਭਲਿਆ ਵੀ ਨਹੀਂ ਸੀ ਕਿ ਡਾਇਰੈਕਟਰ ਸਾਹਿਬ ਨੇ ਲਾਲ-ਪੀਲੇ ਹੁੰਦਿਆਂ ਇਹ ਸ਼ਬਦ ਵੀ ਉਚਾਰ ਦਿੱਤੇ, “ਇਹ ਭੈਣ ਦੇਣੀ ਕੀਹਦੀ ਸ਼ਰਾਰਤ ਐ ?” ਉਹਨੇ ਇਹ ਆਖਣਾ ਚਾਹਕੇ ਵੀ ਕਿਹਾ ਨਾ, “ਸਾਹਬ ਜੀ ਮੇਰਾ ਕੀ ਕਸੂਰ ਐ, ਮੈਂ ਕੀ ਗੁਨਾਹ ਕੀਤੈ ?” ਉਹਨੇ ਭੋਲੇ ਜਿਹੇ ਬਣਦਿਆਂ ਬੜੇ ਸਹਿਜ ਭਾਅ ਇਹ ਲਫ਼ਜ਼ ਆਖੇ, “ਤੈਨੂੰ ਨੀ ਪਤਾ ਤੂੰ ਕੀ ਕੀਤੈ ? ਚੌਕੀਦਾਰ ਰਾਮ ਰੱਖਾ ਨੂੰ ਤੂੰ ਬਗ਼ੈਰ ਮਤਲਬ ਤੋਂ ਕੁੱਟਿਆ ਮਾਰਿਐ। ਆਹ ਸ਼ਕੈਤ ਉਹਨੇ ਈ ਲਿਖ ਕੇ ਦਿੱਤੀ ਐ।” ਡਾਇਰੈਕਟਰ ਸਾਹਿਬ ਨੇ ਮੇਜ਼ ’ਤੇ ਪਏ ਕਾਗਜ਼ ਤੋਂ ਪੇਪਰ-ਵੇਟ ਹਟਾਉਂਦਿਆਂ ਕਾਗਜ਼ ਆਪਣੇ ਸੱਜੇ ਹੱਥ ’ਚ ਫੜਦਿਆਂ ਆਖਿਆ। ਗੁਲਜ਼ਾਰ ਨੇ ਅੱਖਾਂ ਖੋਹਲਕੇ ਕਾਗਜ਼ ’ਤੇ ਸਰਸਰੀ ਜਿਹੀ ਨਿਗਾਹ ਮਾਰੀ। “ਭੈਣ ਦੀ ਇਹਦੀ ਦੀ... ਇਹ ਸਾਲਾ ਯੂ. ਪੀ. ਦਾ ਭਈਆ ਜਿਹਾ ਆਪਣੇ ਆਪ ਨੂੰ ਸਮਝਦਾ ਕੀ ਐ ?” ਪਰ ਉਹਨੇ ਇਹ ਆਖਣ ਦੀ ਜਗ੍ਹਾ ਇਹ ਕਿਹਾ, “ਸਾਹਬ ਬਹਾਦਰ ! ਮੈਂ ਉਹਨੂੰ ਕੁਛ ਨੀ ਕਿਹਾ, ਪਰ ਜੇ ਤੁਸੀਂ ਮੇਰਾ ਕਸੂਰ ਸਮਝਦੇ ਹੋ ਤਾਂ ਮੈਨੂੰ ਮਾਅਫ਼ ਕਰ ਦਿਉ। ਡਾਇਰੈਕਟਰ ਸਮਝਦਾਰ ਸੀ, ਉਹ ਅਜਿਹੇ ਨਿੱਕੇ ਮੋਟੇ ਝਗੜੇ ’ਚ ਨਹੀਂ ਸੀ ਉਲਝਣਾ ਚਾਹੁੰਦਾ।“ਠੀਕ ਐ ਤੈਨੂੰ ਮਾਅਫ਼ ਕੀਤਾ, ਪਰ ਆਇੰਦਾ ਜੇ ਕੋਈ ਅਜਿਹੀ ਗ਼ਲਤੀ ਹੋਈ ਤਾਂ ਮੈਂ ਕੋਈ ਸਖ਼ਤ ਕਦਮ ਉਠਾਉਣ ਲਈ ਮਜਬੂਰ ਹੋਵਾਂਗਾ। ਅੱਛਾ ਹੁਣ ਜਾਹ ਤੂੰ।” ਡਾਇਰੈਕਟਰ ਸਾਹਿਬ ਨੇ ਕਾਗਜ਼ ਉਸੇ ਤਰ੍ਹਾਂ ਪੇਪਰ-ਵੇਟ ਥੱਲੇ ਟਿਕਾਇਆ ਤੇ ਆਪ ਕੁਰਸੀ ਤੋਂ ਉੱਠ ਖੜ੍ਹੇ ਹੋਏ।

ਘਰ ਜਾਣ ਲੱਗਿਆਂ ਗੁਲਜ਼ਾਰ ਦਾ ਗੁੱਸਾ ਕਾਫ਼ੀ ਹੱਦ ਤੱਕ ਢੈਲਾ ਹੋ ਗਿਆ ਸੀ, ਕਿਉਂਕਿ ਉਹ ਆਪਣੇ ਅਫ਼ਸਰ ਸਾਹਮਣੇ ਹੋਈ ਬੇਇੱਜ਼ਤੀ ਦਾ ਬਦਲਾ ਰਾਮ ਰੱਖਾ ਚੌਕੀਦਾਰ ਦੀ ਦਫ਼ਤਰ ਦੇ ਬਣੇ ਕਵਾਟਰ ਵਿਚ ਹੀ ਰਹਿੰਦੀ ਉਹਦੀ ਧਰਮ ਪਤਨੀ ਰਾਮ ਲੱਛਮੀ ਤੋਂ ਆਪਣੀ ਮਰਦਾਨਗੀ ਦਿਖਾਕੇ ਲੈ ਆਇਆ ਸੀ। ਬੇਸ਼ੱਕ ਰਾਮ ਲੱਛਮੀ ਕਰਕੇ ਹੀ ਉਹਨੇ ਰਾਮ ਰੱਖਾ ਨੂੰ ਪਹਿਲਾਂ ਕੁੱਟਿਆ ਮਾਰਿਆ ਸੀ। ਪਰੰਤੂ ਅੱਜ ਜਦ ਉਹਨੂੰ ਰਾਮ ਰੱਖਾ ਕਵਾਟਰ ਵਿਚ ਨਾ ਮਿਲਿਆ, ਤਾਂ ਉਹ ਆਪਣਾ ਗੁੱਸਾ ਰਾਮ ਲੱਛਮੀ ’ਤੇ ਕੱਢ ਆਇਆ ਸੀ। ਹਾਲਾਂਕਿ ਰਾਮ ਲੱਛਮੀ ਨੇ ਹਮੇਸ਼ਾ ਦੀ ਭਾਂਤੀ ਇਹਨੂੰ ਵੀ ਪਿਆਰ ਹੀ ਸਮਝਿਆ ਸੀ।

ਸੰਸਾਰ ਯੁੱਧ ਦਾ ਜੇਤੂ ਬਣ ਗੁਲਜ਼ਾਰ ਚੌੜੇ ਬਾਜ਼ਾਰ ’ਚ ਚੌੜਾ ਹੋ ਕੇ ਤੁਰਿਆ ਜਾ ਰਿਹਾ ਹੈ। ਇਕ ਰਿਕਸ਼ਾ ਵਾਲਾ ਉਹਦੇ ਧੱਫਾ ਮਾਰ ਕੇ ਕੋਲੋਂ ਦੀ ਗੁਜ਼ਰ ਜਾਂਦਾ ਹੈ : “ਭੈਣ ਦੇ ਨੂੰ ਦੀਂਹਦਾ ਨੀ, ਸੜਕ ਤੇਰੇ ਬਾਪ ਦੀ ਐ ਸਾਲਿਆ ?”ਹੌਲੀ ਜਿਹੀ ਏਨਾ ਕਹਿਕੇ ਹੀ ਗੁਲਜ਼ਾਰ ਨੂੰ ਸਬਰ ਕਰਨਾ ਪਿਆ।

“ਕੀ ਹੋਇਆ... ਕੀ ਬੋਲਦੇ ਸੀ ? ਕਿੱਥੇ ਚੱਲੇ ਹਜ਼ੂਰ ? “ਤੇਰੀ ਮਾਂ ਨਾਲ ਸੌਣ! ਇਹਦੀ ਕੁੜੀ ਦੀ।

ਗੁਲਜ਼ਾਰ ਨੇ ਉੱਚੀ ਆਵਾਜ਼ ’ਚ ਗਾਹਲ ਕੱਢਣੀ ਚਾਹੀ, ਪਰ ਉਹਦੇ ਬੁੱਲ ਦੰਦਾਂ ਵਿਚਾਲੇ ਆ ਕੇ ਰਹਿ ਗਏ। ਤੇ ਫਿਰ ਅਗਲੇ ਪਲ ਉਸ ਅੰਦਰ ਇਕੱਤਰ ਹੋਇਆ ਜ਼ਹਿਰ ਇਕ ਹਲਕੇ ਜਿਹੇ ਝਟਕੇ ਨਾਲ ਅੰਮ੍ਰਿਤ ਦਾ ਬਦਲ ਹੋ ਗਿਆ, “ਹੈਲੋ ! ਕੀ ਹਾਲ-ਚਾਲ ਨੇ ਗੁਰਿੰਦਰ ? ਰਾਜ਼ੀ ਬਾਜ਼ੀ ਐਂ ਨਾ ?”

“ਬੱਸ ਸਭ ਠੀਕ ਈ ਚਲ ਰਿਹੈ। ਤੂੰ ਸੁਣਾ ਆਪਣੀ ? ....ਬੜੀ ਦੇਰ ਬਾਅਦ ਮਿਲਿਐਂ ਮੁੱਦਤਾਂ ਈ ਬੀਤ ਗਈਆਂ।

ਇਕ ਦੋ ਮਿੰਟ ਦੋਨਾਂ ਵਿਚਾਲੇ ਇੱਕਾ-ਦੁੱਕਾ ਰਿਵਾਜ਼ਨ ਜਿਹੀਆਂ ਗੱਲਾਂ ਹੋਈਆਂ ਕਿ ਕੁੜੀ ਬੋਲ ਉੱਠੀ, “ਚੱਲ ਆ ਮੇਰੇ ਯਾਰ ! ਆਹ ਕੌਰਨਰ ’ਤੇ ਚਾਹ ਪੀਂਦੇ ਬੈਠਕੇ। ..ਦੋ ਗੱਲਾਂ

ਕਰਦੇ ਆਂ ਗੁਜ਼ਰੇ ਜ਼ਮਾਨੇ ਦੀਆਂ।

ਗੁਲਜ਼ਾਰ ਅੰਦਰੋ-ਅੰਦਰੀ ਨਿੰਬੂ ਵਾਂਗਰ ਨਿਚੋੜਿਆ ਗਿਆ। ਉਹਨੇ ਆਪਣੀ ਬੈਲਬਾਟਮਨੁਮਾ ਪੈਂਟ ਵੱਲ ਵੇਖਿਆ, ਜਿਸਦਾ ਹੁਣ ਰਿਵਾਜ਼ ਨਹੀਂ ਸੀ ਰਿਹਾ। ਖੁੱਲ੍ਹੀ ਮੂਹਰੀ 'ਤੇ ਸਾਈਕਲ ਤੋਂ ਲੱਗੀ ਗਰੀਸ ਵਰਗਾ ਕੁਝ ਲੱਗਾ ਹੋਇਆ ਸੀ। ਮੂਹਰੀ ਕੋਲ ਹੀ ਪੈਂਟ ਦੀਆਂ ਇਕ ਦੋ ਬੁਰਕੀਆਂ ਜਿਹੀਆਂ ਵੀ ਲੱਥੀਆਂ ਹੋਈਆਂ ਸਨ। ਉਹਨੂੰ ਆਪਣਾ ਘਸਮੈਲਾ ਜਿਹਾ ਕੁੜਤਾ ਏਸ ਤਰ੍ਹਾਂ ਲੱਗਿਆ ਜਿਵੇਂ ਉਹ ਕਿਸੇ ਭਿਖਾਰੀ ਤੋਂ ਮੰਗ ਕੇ ਪਾਇਆ ਹੋਵੇ। ਉਲਝੀ ਹੋਈ ਦਾਹੜੀ ਮੁੱਛ 'ਤੇ ਹੱਥ ਫੇਰਿਆ ਤਾਂ ਉਹਨੂੰ ਆਤਮ ਗਿਲਾਨੀ ਮਹਿਸੂਸ ਹੋਈ। ਕਿਸੇ ਸਾਧ ਦੀਆਂ ਜਟਾਂ ਵਰਗੀ ਹੋਈ ਪਈ ਸੀ। ਉਲਝੀ, ਖੁਸ਼ਕ ਤੇ ਚਿਪਚਿਪੀ। ਸਿਰ ਦੀਆਂ ਬੋਦੀਆਂ ਵਿਚ ਫਸੀ ਗਰਦ। ਫੇਰ ਵੀ ਗੁਰਿੰਦਰ ਕੌਰ ਨੇ ਉਹਦੀ ਦਸਵੀਂ 'ਚ ਰਹਿ ਚੁੱਕੀ ਸਹਿਪਾਠਣ ਨੇ ਉਹਨੂੰ ਏਨੀ ਦੇਰ ਬਾਅਦ ਮਿਲਣ 'ਤੇ ਵੀ ਪਛਾਨਣ 'ਚ ਕੋਈ ਹਿਚਕਚਾਹਟ ਨਾ ਕੀਤੀ!

"ਦੋ ਕੌਫੀ!"ਗੁਰਿੰਦਰ ਨੇ ਕੋਲ ਆਏ ਬਹਿਰੇ ਨੂੰ ਹੁਕਮ ਦਿੱਤਾ। "ਹੈਂ। ਕੌਫੀ ?"ਗੁਲਜ਼ਾਰ ਨੇ ਚੀਕਣਾ ਚਾਹਿਆ, ਪਰ ਉਹ ਸਾਊਆਂ ਵਾਂਗਰ ਉਵੇਂ ਹੀ ਬੈਠਾ ਰਿਹਾ। ਉਹਨੇ ਅੰਦਰ ਹੀ ਅੰਦਰ ਕਿਆਸ ਲਾਇਆ ਕਿ ਉਹਦੀ ਜੇਬ 'ਚ ਵੱਧ ਤੋਂ ਵੱਧ ਢਾਈ ਰੁਪਏ ਤੇ ਘੱਟ ਤੋਂ ਘੱਟ ...। ਉਹਨੂੰ ਆਪਣੇ ਖੁਸ਼ਕ ਹੋਏ ਗਲੇ 'ਚੋਂ ਥੁੱਕ ਅੰਦਰ ਲੰਘਾਣਾ ਜਿਵੇਂ ਔਖਾ ਹੋ ਗਿਆ। ਕੌਫ਼ੀ ਆ ਗਈ। ਉਹਦਾ ਜੀਅ ਬੀੜੀ ਪੀਣ ਨੂੰ ਕੀਤਾ, ਪਰ "ਨਹੀਂ ਸਰਦਾਰਾਂ ਦੀ ਕੁੜੀ ਸਾਹਮਣੇ ਤੰਬਾਕੂ ? ਤੇ ਉਹ ਵੀ ਬੀੜੀ ?" ਉਹਦੇ ਜੇਬ ਵੱਲ ਵਧੇ ਹੱਥ ਰੁਕ ਗਏ ਤੇ ਬਣਾਵਟੀ ਜਿਹਾ ਗੁਰਿੰਦਰ ਵੱਲ ਤੱਕ ਉਹ ਮੁਸਕਰਾ ਪਿਆ।

"ਲੈ ਚੱਕ ਯਾਰ !"ਗੁਰਿੰਦਰ ਨੇ ਗੁਲਜ਼ਾਰ ਨੂੰ ਕੌਫੀ ਪੀਣ ਦਾ ਇਸ਼ਾਰਾ ਕੀਤਾ ਤੇ ਉਹਨੇ ਆਪਣੀ ਕੌਫੀ 'ਚੋਂ ਹਲਕਾ ਜਿਹਾ ਘੁੱਟ ਭਰਿਆ ਤੇ ਰੱਖ ਦਿੱਤਾ। "ਯਾਰ ਤੇਰੀ ਪੋਜੀਸ਼ਨ ਕੀ ਐ ਅੱਜਕਲ੍ਹ ਮੈਂ ਤਾਂ ਹੈਰਾਨ ਆਂ ਤੇਰੇ 'ਤੇ...? ਉਦੋਂ ਤਾਂ ਬੜਾ ਬਣ-ਠਣ ਕੇ ਰਹਿੰਦਾ ਹੁੰਦਾ ਸੀ ! ਹੁਣ ਕੀ ਹੋ ਗਿਆ ਯਾਰਾ"

ਗੁਲਜ਼ਾਰ 'ਤੇ ਜਿਵੇਂ ਨਮੋਸ਼ੀ ਦਾ ਪਹਾੜ ਟੁੱਟ ਪਿਆ, "ਭੈਣ ਦੀ ਤੇਰੀ ਦੀ... ਤੂੰ ਕੀ ਲੈਣੈ... ਧਾਰਾਂ ਲੈਣੀਐਂ ?"ਪਰ ਨਹੀਂ ਉਹ ਮੁਸਕਰਾਉਂਦਿਆਂ ਹੋਇਆਂ ਬੋਲਿਆ, "ਨਹੀਂ ਨਹੀਂ ਐਸੀ ਤਾਂ ਕੋਈ ਗੱਲ ਨੀ ... ਆਪਣੀ ਉਹ ਪਿੰਡ ਆਲੀ ਜ਼ਮੀਨ ਤੋਂ ਆ ਰਿਹੈਂ .. ਤੈਨੂੰ ਪਤਾ ਈ ਐ ਫੇਰ ਜ਼ਿਮੀਦਾਰਾਂ ਦੀ ਹਾਲਤ ਦਾ। ਫੂਡ ਐਂਡ ਸਪਲਾਈ 'ਚ ਇੰਸਪੈਕਟਰ ਦੀ ਜੌਬ ਮਿਲੀ ਸੀ, ਪਰ ਦਿਲ ਈ ਨੀ ਲੱਗਿਆ, ਚੌਥੇ ਦਿਨ ਈ ਰਿਜ਼ਾਇਨ ਦੇ ਕੇ ਆ ਗਿਆ। ਦਰਅਸਲ ਮਾਂ ਕਹਿੰਦੀ ਸੀ ਕਿ ਮੇਰਾ ਪੁੱਤ ਮੇਰੇ ਕੋਲ ਰਹੇ... ਤੇ ਫੇਰ ਐਨੀ ਸਾਰੀ ਜ਼ਮੀਨ ਤੇ ਕੱਲਾ ਪੁੱਤ। ...ਕਈ ਹੱਸਦੇ ਵੀ ਐਂ ਹੁਣ ਮੇਰੇ 'ਤੇ ਕਿ ਮੈਂ ਇੰਗਲਿਸ਼ ਦੀ ਐਮ. ਏ. ਹਾਈ ਸੈਕੰਡ ਡਵੀਜ਼ਨ 'ਚ ਕਰਕੇ ਵੀ ਖੇਤੀ ਕਰਦੈਂ... ਪਰ ਪੰਜ ਸੌ ਬਿੱਘੇ ਕੱਲੇ-ਕਾਰੇ ਕੋਲ ਥੋੜ੍ਹੀ ਤਾਂ ਨੀ ਹੁੰਦੀ ? ਨੌਂਕਰੀਆਂ ਨੂਕਰੀਆਂ 'ਚ ਸਾਲਾ ਕੀ ਰੱਖਿਐ ?

"ਪੰਜ ਸੌ ਬਿੱਘੇ ? ਅੱਛਿਆ ਜੀ ! ਫੇਰ ਕੀ ਪਿਐ ਨੌਂਕਰੀ-ਨੂਕਰੀ 'ਚ। ਹੁਣ ਮੇਰੇ ਹਸਬੈਂਡ ਐਂ, ਪੀ. ਸੀ. ਐੱਸ. ਔਫੀਸਰ ਨੇ... ਹਜ਼ਾਰਾਂ ਆ ਜਾਂਦੇ ਨੇ ... ਟੀ. ਏ. ਡੀ. ਏ. ਤੇ ਹੋਰ ਫੈਸਲੀਟੀਜ਼ ਵੱਖਰੀਆਂ ... ਪਰ ਫਿਰ ਵੀ੍ ਨਥਿੰਗ ...

ਗੁਲਜ਼ਾਰ ਠਠੰਬਰ ਜਿਹਾ ਗਿਆ। ਉਹ ਗੁਰਿੰਦਰ ਦੇ ਪਤਲੇ ਬੁੱਲ੍ਹਾਂ 'ਤੇ ਲੱਗੀ ਹਲਕੀ ਰੈੱਡ-ਰੰਗ ਦੀ ਲਿਪਸਟਿਕ ਵੱਲ ਝਾਕਿਆ। ਉਹਦੀਆਂ ਪਹਿਲਾਂ ਨਾਲੋਂ ਵੀ ਜ਼ਿਆਦਾ ਲਾਲ



ਤੇ ਗੋਰੀਆਂ ਗੱਲ੍ਹਾਂ, ਲੰਮੇ ਕਾਲੇ ਤੇ ਰਤਾ ਭੂਰੇ ਵਾਲਾਂ ਵੱਲ ਝਾਕਿਆ। ਤੇ ਫਿਰ ਉਹਦੇ ਸਮੁੱਚੇ ਲੰਮੇ ਪਤਲੇ ਤੇ ਗਠੀਲੇ ਬਦਨ ਵੱਲ ਦੇਖਕੇ ਗਦ-ਗਦ ਹੋ ਉੱਠਿਆ ਉਹੀ ਰੂਪ, ਉਹੀ ਖ਼ੂਬਸੂਰਤੀ। ਬਲਕਿ ਅੱਗੇ ਨਾਲੋਂ ਵੀ ਕਿਤੇ ਜ਼ਿਆਦਾ "ਹੁਣ ਤਾਂ ਦੋ ਬੱਚੇ ਵੀ ਨੇ, ਇਕ ਲੜਕਾ ਤੇ ਇਕ ਲੜਕੀ। ਵੱਡੀ ਲੜਕੀ ਤਾਂ ਕਾਨਵੈਂਟ 'ਚ ਪੜ੍ਹਦੀ ਐ।"

"ਹੈਂ! ਦੋ ਬੱਚੇ ਵੀ ਹੋ ਚੁੱਕੇ ਨੇ ? ਫੇਰ ਵੀ ਉਸੇ ਤਰ੍ਹਾਂ ਸਾਲੀ ਕੈਮ ਦੀ ਕੈਮ ਬਲਕਿ ...।"

"ਜੇ ਮੇਰਾ ... ਇਹਦੇ ਨਾਲ ਵਿਆਹ ਹੋ ਜਾਂਦਾ ? ਟਮਾਟਰ ਵਰਗੀ ਰੰਨ ! ਕਿਆਮਤ ਆ ਜਾਂਦੀ ... ਤੇ ਨਾਲੇ ਇਹਦੇ ਮੇਜਰ ਬਾਪ ਤੋਂ ਰੋਜ਼ ਰੰਮ ਦੀ ਬੋਤਲ ਪੀਆ ਕਰਦਾ। ਨਾਲੇ ਫੇਰ. ਟੀ. ਵੀ... ਫਰਿੱਜ ... ਮੋਟਰਸਾਈਕਲ ... ਸਭ ਕੁਛ ...। ਪਰ ਮੈਟ੍ਰਿਕ ਦੇ ਪੇਪਰਾਂ ਬਾਅਦ ਸਾਲੀ ਟੱਕਰੀਓ ਨੀ ਕਦੇ। ਕਿੰਨਾ ਪਿਆਰ ਸੀ ਸਾਡਾ ਦੋਨਾਂ ਦਾ ... ਜੇ ਮੈਂ ਉਦੋਂ ਈ ਕੱਚੀ ਜੀ ਨੂੰ ਕੱਢ ਕੇ ਲੈ ਜਾਂਦਾ ਤਾਂ ਲੈ ਈ ਜਾਂਦਾ ਪਰ ਕਿੱਥੇ ?

ਅਫ਼ਸਰ ਦੀ ਧੀ ਸਾਲੀ ਅਫ਼ਸਰ ਨਾਲ ਈ ਵਿਆਹੀ ਜਾਣੀ ਸੀ... ਐਸੀਆਂ ਸੁਲਫ਼ੇ ਦੀਆਂ ਲਾਟਾਂ ਸਾਡੇ ਭਾਗਾਂ 'ਚ ਭਲਾ ਕਿੱਥੇ ?' ਗੁਲਜ਼ਾਰ ਹੀਣਤਾ ਦੇ ਸਮੁੰਦਰ 'ਚ ਖੁੱਭ ਗਿਆ। "ਆਹ ਮੇਰਾ ਐਡਰੈੱਸ ਐ ਮੇਰੇ ਇਨਲਾਜ਼ ਦਾ ਦਿੱਲੀ ਜਦੋਂ ਵੀ ਚੱਕਰ ਲੱਗੇ ਤਾਂ ਜ਼ਰੂਰ ਮਿਲੀਂ ਯਾਰ।"

"ਇਹਦੀ ਦਿੱਤਾ ਉਏ ... ਸਾਲੇ ਲੋਕ ਪਤਾ ਨੀ ਕਿਵੇਂ ਅੱਗੇ-ਅੱਗੇ ਵਧੀ ਜਾਂਦੇ ਨੇ। ਪੜ੍ਹੀ ਜਾਂਦੇ ਨੇ, ਪੈਸੇ ਕਮਾਈ ਜਾਂਦੇ ਨੇ, ਸ਼ੌਹਰਤਾਂ ਲਈ ਜਾਂਦੇ ਨੇ। ਪਰ ਭੈਣ ਦੇ ਮੈਂ ... ?

"ਊਂ ਅੱਜ ਸਾਲੀ 'ਤੇ ਰੋਅਬ ਤਾਂ ਚੰਗਾ ਖਾਸਾ ਪਾ ਲਿਆ ਸੀ ਮੈਂ।" ਗੁਲਜ਼ਾਰ ਘਰ ਵੱਲ ਨੂੰ ਤੁਰਿਆ ਜਾਂਦਾ ਗੁਰਿੰਦਰ ਬਾਰੇ ਸੋਚ ਰਿਹਾ ਸੀ 'ਸਾਲੀ ਨੂੰ ਕੋਈ ਪੁੱਛੇ ਕਿ ਕਿਹੜੇ ਕੰਜਰ ਕੋਲ ਜ਼ਮੀਨ ਐ। ਸਾਰੀ ਉਮਰ ਬਾਪੂ ਜੈਲਦਾਰਾਂ ਦੇ ਸੀਰ ਕਰਦਾ ਉਮਰ ਤੋਂ ਪਹਿਲਾਂ ਹੀ ਮਰ ਗਿਆ। .. ਜ਼ਮੀਨ ਨਾ ਕਿਤੇ ਹੋਰ ... ਪਿੰਡ 'ਚ ਇਕ ਲਿੱਪਿਆ ਹੋਇਆ ਕੋਠਾ ਸੀ। ਤੇ ਹੁਣ ਜਿੱਦਣ ਦਾ ਸ਼ਹਿਰ ਆਇਆਂ, ਇਕ ਡੂਢ ਫੁੱਟ ਦਾ ਕਮਰਾ ਐ। ਉਹ ਵੀ ਕਿਰਾਏ 'ਤੇ ? ਹੋਰ ਚਪੜਾਸੀਆਂ ਨੇ ਕਿਹੜਾ ਕੋਈ ਕੋਠੀਆਂ ਉਸਾਰ ਲੈਣੀਆਂ ਨੇ ? ਜੇ ਸਾਲੀਏ ਜੱਟ ਹੁੰਦੇ ਤਾਂ ਹੀ ਸੀ ਨਾ?"

"ਊਂ ਆਪਣੀ ਟੌਅਰ ਖਾਸੀ ਐ। ਦਫ਼ਤਰ ਆਲੇ ਸਾਰੇ ਮੈਨੂੰ ਜੱਟ ਈ ਸਮਝਦੇ ਨੇ। ਮੇਰਾ ਖ਼ਿਆਲ ਐ ਸਵਾਇ ਸੁਪਰਡੈਂਟ ਦੇ ਹੋਰ ਕੋਈ ਨੀ ਜਾਣਦਾ ਕਿ ਮੈਂ ਕਿਨ੍ਹਾਂ ਦਾ ਮੁੰਡੀਂ। ਸਾਰੇ ਸਮਝਦੇ ਨੇ ਕਿ ਪੰਜ ਸੋ ਬਿੱਘੇ ਦਾ ਮਾਲਕ ਜੱਟ ਪੁੱਤ ਆਂ ਸਾਲਿਓ ! ਜੱਟ-ਜ਼ਿਮੀਦਾਰ ਹੁੰਦਾ, ਪੰਜ ਸੌ ਬਿੱਘੇ ਦਾ ਮਾਲਕ ਹੁੰਦਾ ਤਾਂ ਮੈਂ ਇਹ ਚਪੜਾਸਗਿਰੀ ਕਰਨੀ ਸੀ?"

ਸਾਰੀਆਂ ਗੱਲਾਂ ਭੁੱਲਦਾ ਫੇਰ ਆਪਣੇ ਮਾਣ-ਅਭਿਮਾਨ ਨਾਲ ਸਵੇਰੇ-ਸਵੇਰੇ ਗੁਲਜ਼ਾਰ ਜਾਗਿਆ ਹੈ। ਅੱਜ ਉਸ ਦਫ਼ਤਰੋਂ ਛੁੱਟੀ ਲਈ ਹੈ। ਅੱਜ ਉਹ ਕਾਫੀ ਨਾਲੋਂ ਜ਼ਿਆਦਾ ਖੁਸ਼ ਹੈ। ਕਿਉਂਕਿ ਸ਼ਹਿਰ ਦੀ ਇਕ ਮਸ਼ਹੂਰ ਸੰਸਥਾ ਵੱਲੋਂ ਸ਼ਾਮ ਨੂੰ ਇਕ ਫੰਕਸ਼ਨ ਹੋਣਾ ਹੈ। ਇਸੇ ਸਿਲਸਿਲੇ ਵਿਚ ਉਸ ਅੱਜ ਛੁੱਟੀ ਲਈ ਹੈ। ਮਸ਼ਹੂਰ ਸੰਸਥਾ ਦੇ ਤਕਰੀਬਨ-ਤਕਰੀਬਨ ਸਾਰੇ ਮੈਂਬਰਾਂ ਵੱਲੋਂ ਹੀ ਉਹਨੂੰ ਉਚੇਚੇ ਤੌਰ 'ਤੇ ਸੱਦੇ ਹਨ, ਕਿਉਂਕਿ ਉਹ ਕੰਮ ਕਰਨ ਵਾਲਾ ਬੰਦਾ ਹੈ। ਨੱਠ-ਭੱਜ ਕਰਨ ਵਾਲਾ। ਤੰਬੂ ਲਾਉਣ ਵਾਲਿਆਂ ਤੋਂ ਲੈ ਕੇ ਟੈਂਟ ਸਟੋਰ ਦੇ ਮਾਲਕਾਂ ਤੱਕ ਨੂੰ ਹੁਕਮ ਚਲਾ ਦੇਵੇਗਾ। ਬੱਸ ਇਹੀ ਉਹਦਾ ਸੁੱਖ ਹੈ। ਬੇਸ਼ੱਕ ਇਸ ਦੇ ਪਿੱਛੇ ਇਸ ਸੰਸਥਾ ਤੇ ਹੋਰਨਾਂ -ਸੁਸਾਇਟੀਆਂ ਨੂੰ ਕਈ ਵਾਰੀ ਭਾਰੀ ਨੁਕਸਾਨ ਵੀ ਉਠਾਉਣਾ ਪਿਆ ਹੈ। ਕਿਉਂਕਿ ਸਿਰਫ਼ ਇਹੀ ਸੰਸਥਾ ਨਹੀਂ, ਹੋਰ ਵੀ ਬਥੇਰੀਆਂ ਸਭਾ-ਸੁਸਾਇਟੀਆਂ ਵਗੈਰਾ

ਵਿਚ ਉਹ ਉਠਦਾ ਬੈਠਦਾ ਹੈ।

ਰਾਤ ਹੋ ਚੁੱਕੀ ਹੈ। ਫੰਕਸ਼ਨ ਸ਼ੁਰੂ ਹੋਇਆ ਹੈ। ਮੁੱਖ ਮਹਿਮਾਨ ਦਾ ਸੁਆਗਤ ਕਰਨ ਉਪਰੰਤ ਗੀਤ, ਮੋਨੋ-ਐਕਟਿੰਗ, ਸਕਿੱਟ ਤੇ ਹੋਰ ਕਈ ਆਈਟਮਾਂ ਚਲ ਚੁੱਕੀਆਂ ਹਨ। ਪ੍ਰੋਗਰਾਮ ਚਲਦੇ ਨੂੰ ਲਗਭਗ ਸਵਾ ਕੁ ਘੰਟੇ ਦੇ ਕਰੀਬ ਦਾ ਸਮਾਂ ਗੁਜ਼ਰ ਚੁੱਕਾ ਹੈ।

"ਇਨ੍ਹਾਂ ਕੰਜਰਾਂ ਦੀ ਭੈਣ ਨੂੰ ਦਿੱਤਾ .. ਮੈਂ ਸਾਲਿਓ ਕੁੱਤਿਓ ! ਅੱਜ ਆਪਣੀ ਸਾਰੀ ਛੁੱਟੀ ਬਰਬਾਦ ਕਰਤੀ.. ਸਾਰਾ ਦਿਨ ਥੋਡੀ ਜਾਨ ਨੂੰ ਰੋਂਦਾ ਰਿਹਾ। ਕਿੰਨੇ ਸਾਲਾਂ ਤੋਂ ਥੋਡੇ ਕਲੱਬ ਦੀ ਸੇਵਾ ਕਰਦਾ ਆ ਰਿਹੈਂ, ਹੁਣ ਵੀ ਮੇਰੀ ਕਦਰ ਕਰਨੀ ਨੀ ਸਿੱਖੀ ... ਹੁਣ ਵੀ ਮੈਨੂੰ ਮੌਕਾ ਨੀ ਬਖਸ਼ਦੇ ?"

ਇਹ ਸੋਚਦਾ ਗੁਲਜ਼ਾਰ ਚੌਥੀ ਵਾਰ ਸਟੇਜ ਸੈਕਟਰੀ ਕੋਲ ਜਾ ਆਇਆ ਹੈ। "ਬੱਸ ਦੋ ਮਿੰਟ, ਹੁਣੇ ਬੁਲਾਉਂਦਾ ਆਂ।"ਕਲੱਬ ਦਾ ਚਿਰ ਤੋਂ ਆਉਂਦਾ ਸਟੇਜ ਸਕੱਤਰ ਗੁਲਜ਼ਾਰ ਬਾਰੇ ਸਭ ਕੁਝ ਜਾਣਦਾ ਹੋਇਆ ਉਹਨੂੰ ਟਾਲਣ ਦੇ ਲਹਿਜ਼ੇ ਨਾਲ ਆਖਦਾ ਹੈ।

"ਇਹ ਮਾਂ ਦੇ ਯਾਰ, ਮੈਨੂੰ ਸਮਝਦੇ ਈ ਕੁਛ ਨੀ। ਮੈਂ ਕਿੰਨਾ ਵਧੀਆ ਐਕਟਰ ਆਂ। ਕਿੰਨਾ ਵਧੀਆ ਲੀਡਰ, ਵਕਤਾ, ਸ਼ਾਇਰ .. ਤੇ ਕਿੰਨੇ ਈ ਮੈਂ ਧੰਨ-ਧੰਨ ਕਰਾਉਂਦੇ ਗੀਤ ਲਿਖੇ ਨੇ ... ਪਰ ਕੋਈ ਸਾਲਾ ਪੁੱਛਦਾ ਈ ਨੀ।"

"ਬਈ ਕਮਾਲ ਐ, ਕਮਾਲ ਈ ਕਰਤੀ, ਕਮਾਲ ਈ ਹੋਗੀ, ਬਈ ਵਾਹ ਵਾਹ ਵਾਹ ... ।"ਸਾਰਾ ਪੰਡਾਲ ਕਮਾਲੈ ! ਕਮਾਲੈ ! ਤੇ ਵਾਹ ! ਵਾਹ ! ਤੇ ਤਾੜੀਆਂ ਦੇ ਸ਼ੋਰ ਨਾਲ ਗੂੰਜ ਉਠਦਾ ਹੈ। "ਕਿਉਂ ਤੂੰ ਸੁਣਿਆ... ਏਹਨੂੰ ਕਹਿੰਦੇ ਨੇ ਐਕਟਿੰਗ ! ਕਮਾਲ ਈ ਕਰਤੀ ਕੁੜੀ ਨੇ ਮੋਨੋ ਐਕਟਿੰਗ 'ਚ ?"

"ਕੀ ਮੋਨੋ ਐਕਟਿੰਗ ? ਕੀਹਦੀ ?" ਗੁਲਜ਼ਾਰ ਝੁੰਜਲਾਇਆ। ਕਿਉਂਕਿ ਉਹਦੀ ਸਟੇਜ 'ਤੇ ਹੋ ਰਹੇ ਸਭ ਕੁਝ ਵਿਚ ਕੋਈ ਸੁਰਤੀ ਨਹੀਂ ਸੀ, ਉਹ ਜੋ ਸਟੇਜ 'ਤੇ ਵੇਖਦਾ ਸੀ, ਤਾਂ ਸਿਰਫ਼ ਆਪਣੇ ਆਪ ਨੂੰ। ਕਦੇ ਉਹ ਸਟੇਜ 'ਤੇ ਐਕਟਿੰਗ ਕਰ ਰਿਹਾ ਹੁੰਦਾ ਤੇ ਕਦੇ ਕੋਈ ਗੀਤ ਗਾ ਰਿਹਾ ਹੁੰਦਾ। ਕਦੇ ਸ਼ਾਇਰ ਬਣ ਸ਼ਿਅਰ ਸੁਣਾ ਰਿਹਾ ਹੁੰਦਾ ਤੇ ਕਦੇ ਲੀਡਰ ਬਣਕੇ ਭਾਸ਼ਣ ਝਾੜ ਰਿਹਾ ਹੁੰਦਾ।

ਪਰੰਤੂ ਨਾਲ ਬੈਠੇ ਆਦਮੀ ਨੇ ਉਹਨੂੰ ਹਲੂਣਾ ਦਿੱਤਾ ਸੀ, ਉਹ ਕੰਬ-ਕੰਬ ਗਿਆ ਸੀ। ਉਹ ਆਪਣੇ ਆਪ ਨੂੰ ਵਰਤਮਾਨ 'ਚ ਲਿਆਉਣ ਦੇ ਪੂਰੇ ਯਤਨ 'ਚ ਸੀ। ਥੋੜ੍ਹਾ ਬੀਬਾ ਜਿਹਾ ਬਣਕੇ ਸਾਹਮਣੇ ਝਾਕਣ ਲੱਗਾ। ਕੁਝ ਦੇਰ ਬਾਅਦ ਤਾੜੀਆਂ ਤੇ ਲੋਕਾਂ ਦਾ ਸ਼ੋਰ ਮੱਠਾ ਪਿਆ। "ਹੁਣ ਤੁਹਾਡੇ ਸਾਹਮਣੇ ਮੈਂ ਜਿਸ ਸ਼ਖ਼ਸ ਨੂੰ ਪੇਸ਼ ਕਰਨ ਜਾ ਰਿਹਾ ਹਾਂ, ਉਹ ਸਾਡੇ ਕਲੱਬ ਦੇ ਬੜੇ ਪੁਰਾਣੇ ਤੇ ਵਫ਼ਾਦਾਰ ਆਦਮੀ ਨੇ। ਉਹ ਹਰ ਕੰਮ ਨੂੰ ਬੜੇ ਸੁਚੱਜੇ ਢੰਗ ਨਾਲ ਨਿਪਟਾਉਣਾ ਜਾਣਦੇ ਨੇ। ਉਹਨੂੰ ਮੈਂ ਤੁਹਾਡੇ ਸਨਮੁੱਖ ਕਰਨ ਲੱਗਿਐਂ। ...ਉਹ ਤੁਹਾਨੂੰ ਆਪਣਾ ਲਿਖਿਆ ਇਕ ਗੀਤ ਸੁਣਾਉਣਗੇ . ਮਿਸਟਰ ਗੁਲਜ਼ਾਰ ਸਿੰਘ।

ਪੰਡਾਲ ਤਾੜੀਆਂ ਨਾਲ ਮੱਠਾ-ਮੱਠਾ ਫੇਰ ਗੂੰਜਿਆ। ਗੁਲਜ਼ਾਰ ਜੋ ਜ਼ਹਿਰ ਦਾ ਭਰਿਆ ਪੀਤਾ ਪਿਆ ਸੀ, ਉਸ 'ਚ ਹੁਣ ਅੰਤਰਿਮ ਖੁਸ਼ੀ ਦਾ ਪਾਰਾ ਭਰਿਆ ਗਿਆ। ਇਹ ਉਹਦੇ ਲਈ ਇਕ ਅਜੀਬ ਤੇ ਨਵੀਂ ਕਿਸਮ ਦੀ ਖੁਸ਼ੀ ਸੀ। ਇਕ ਨਵਾਂ ਤੇ ਸੂਖਮ ਅਹਿਸਾਸ।

ਉਹ ਹੌਲੇ-ਹੌਲੇ ਕਦਮ ਪੁੱਟਦਾ ਸਟੇਜ 'ਤੇ ਚੜ੍ਹਿਆ। ਮਾਇਕ ਸਾਹਮਣੇ ਖੜ੍ਹਾ ਹੋਇਆ। ਥੁੱਕ ਅੰਦਰ ਲੰਘਾਰਿਆ ਤੇ ਦਰਸ਼ਕਾਂ ਨੂੰ ਗੀਤ ਸੁਣਾਉਣ ਤੋਂ ਪਹਿਲਾਂ ਸੰਬੋਧਨ ਹੋਇਆ, "ਮੈਂ ਤੁਹਾਨੂੰ ਆਪਣਾ ਗੀਤ ਸੁਣਾਉਣ ਤੋਂ ਪਹਿਲਾਂ ਇਕ ...। ਚਾਣਚਕ ਉਹਦਾ ਆਪਣਾ



ਹੀ ਹੱਥ ਲੱਗਕੇ ਮਾਇਕ ਡਿੱਗਣ 'ਤੇ ਹੋਇਆ। ਪਰੰਤੂ ਸਟੇਜ ਸਕੱਤਰ ਦੀ ਸਿਆਣਪ ਨੇ ਮਾਇਕ ਬਚਾ ਲਿਆ। ਸਾਰੇ ਪੰਡਾਲ 'ਚ ਚੁੱਪ-ਚਾਂ ਛਾ ਗਈ। ਮੁਰਦਘਾਟ ਵਰਗੀ ਖ਼ਾਮੋਸ਼ੀ। ਜਦੋਂ ਇਕ ਦੋ ਮਿੰਟ ਗੁਲਜ਼ਾਰ ਦੀ ਜ਼ੁਬਾਨ ਤੋਂ ਕੋਈ ਲਫ਼ਜ਼ ਨਾ ਨਿਕਲਿਆ ਤਾਂ ਦਰਸ਼ਕ ਹੱਸਣ ਲੱਗੇ ਤੇ ਵਿਚ-ਵਿਚ ਸ਼ਰਾਰਤੀ ਅਨਸਰਾਂ ਨੇ ਤਾੜੀਆਂ ਵੀ ਮਾਰੀਆਂ। ਗੁਲਜ਼ਾਰ ਦੇ ਹੱਥ ਪੈਰ ਕੀ, ਸਾਰਾ ਜਿਸਮ ਹੀ ਕੰਬਣ ਲੱਗਾ। ਲੱਤਾਂ 'ਚ ਜ਼ੋਰ ਨਹੀਂ ਸੀ ਰਿਹਾ। ਮੱਥੇ 'ਤੇ ਪੂਰੇ ਚਿਹਰੇ 'ਤੇ ਪਸੀਨੇ ਦੀਆਂ ਬੂੰਦਾਂ ਆ ਗਈਆਂ। ਉਸ 'ਚ ਮੁਆਫ਼ੀ ਮੰਗਣ ਦੀ ਹਿੰਮਤ ਨਾ ਰਹੀ। ਉਹਨੂੰ ਏਸ ਤਰ੍ਹਾਂ ਜਾਪਿਆ ਜਿਵੇਂ ਉਹ ਕਿਸੇ ਅਜੀਬ ਜਿਹੇ ਸਥਾਨ 'ਤੇ ਲਿਆ ਖੜ੍ਹਾ ਕੀਤਾ ਹੋਵੇ। ਅਗਰ ਸਟੇਜ ਸੈਕਟਰੀ ਮੌਕੇ 'ਤੇ ਇਹ ਨਾ ਕਹਿੰਦਾ ਤਾਂ ਗੁਲਜ਼ਾਰ ਸਿੰਘ ਢਹਿ ਢੇਰੀ ਹੋ ਕੇ ਡਿੱਗ ਹੀ ਪੈਣਾ ਸੀ, "ਮੈਨੂੰ ਬੜਾ ਅਫ਼ਸੋਸ ਹੈ ਕਿ ਇਸ ਗੀਤ ਦੀ ਗੁਲਜ਼ਾਰ ਸਿੰਘ ਹੁਰਾਂ ਨਾਲ ਕੋਈ ਭਾਵੁਕ ਸਾਂਝ ਰਹੀ ਹੈ, ਇਸ ਲਈ ਉਹਨਾਂ ਤੋਂ ਗੀਤ ਗਾਇਆ ਨਹੀਂ ਜਾਣਾ। ਉਹਨਾਂ ਵੱਲੋਂ ਮੈਂ ਮੁਆਫ਼ੀ ਮੰਗਦਾ ਹਾਂ।"ਸਟੇਜ ਸਕੱਤਰ ਨੇ ਆਪਣੇ ਹੰਢੇ ਵਰਤੇ ਤਜਰਬੇ ਨਾਲ ਹਾਲਾਤ 'ਤੇ ਪਰਦਾ ਪਾ ਲਿਆ। ਦਰਸ਼ਕ ਵੀ ਭਾਵੁਕ ਹਮਦਰਦੀ 'ਚ ਗੁਆਚ ਗਏ।

ਫੰਕਸ਼ਨ ਸਮਾਪਤ ਹੋਣ ਤੋਂ ਪਹਿਲਾਂ ਹੀ ਗੁਲਜ਼ਾਰ ਦਰਸ਼ਕਾਂ ਦੀਆਂ ਅੱਖਾਂ ਤੋਂ ਬਚਣ ਲਈ ਬੜੇ ਤੇਜ਼-ਤੇਜ਼ ਕਦਮੀਂ ਘਰ ਪਰਤਣ ਲੱਗਾ। ਉਹ ਜਿੰਨਾ ਤੇਜ਼ ਤੁਰਨ ਦੀ ਕੋਸ਼ਿਸ਼ ਕਰਦਾ ਸੀ, ਓਨੇ ਹੀ ਉਹਦੇ ਕਦਮ ਹੌਲੀ-ਹੌਲੀ ਚਲਦੇ ਤੇ ਭਾਰੇ ਹੋ ਜਾਂਦੇ। ਉਹਨੂੰ ਸੜਕ ਦੇ ਕਿਨਾਰੇ ਲੱਗੀਆਂ ਟਿਊਬਾਂ ਦੀ ਤਿੱਖੀ ਰੌਸ਼ਨੀ ਵੀ ਨੇਰ੍ਹੇ ਦਾ ਪ੍ਰਤੀਕ ਲੱਗ ਰਹੀ ਸੀ। ਉਹਦੇ ਮੂੰਹ ਅੰਦਰ ਕੌੜੀ ਜਿਹੀ ਝੱਗ ਕੱਠੀ ਹੋ ਗਈ। ਉਹਦੀਆਂ ਅੱਖਾਂ ਆਪ-ਮੁਹਾਰੇ ਹੀ ਖਾਰੇ ਪਾਣੀ ਨਾਲ ਭਰ ਆਈਆਂ।

ਘਰ ਤੀਕਰ ਉਹ ਬੜੀ ਮੁਸ਼ਕਲ ਨਾਲ ਅੱਪੜਿਆ ਤੇ ਜਾਂਦੇ ਹੀ ਬਿਸਤਰੇ 'ਤੇ ਹਾਰੇ ਹੋਏ ਜੁਆਰੀਏ ਵਾਂਗਰ ਢਹਿ ਪਿਆ। ਨਾ ਉਹਦਾ ਰੋਟੀ-ਟੁਕ ਖਾਣ ਨੂੰ ਚਿੱਤ ਕਰੇ ਤੇ ਨਾ ਹੀ ਆਪਣੀ ਬੁੱਢੀ ਮਾਂ ਨਾਲ ਅੱਗੇ ਵਾਂਗਰ ਘੰਟਿਆਂ ਬੱਧੀ ਗੱਲਾਂ ਕਰਨ ਨੂੰ। ਉਹਦੀ ਪਤਨੀ ਸੁੱਤੀ ਰਹੀ। ਘੂਕ। ਬੇ-ਸੁਰਤ। ਪਰ ਉਹ ਬੇਹੋਸ਼ੀ ਵਰਗੀ ਹਾਲਤ ਤੋਂ ਵਾਪਸ ਪਰਤਿਆ, ਜਦੋਂ ਉਹਦੀ ਮਾਂ ਨੇ ਉਹਦਾ ਮੋਢਾ ਆਣ ਹਿਲਾਇਆ, "ਰੋਟੀ ਨੀ ਖਾਣੀ ?"ਤਾਂ ਜਿਵੇਂ ਉਹਦੇ ਕਲੇਜੇ ਦਾ ਰੁੱਗ ਭਰਿਆ ਗਿਆ, ਉਹ ਯਕਦਮ ਉੱਠਕੇ ਬੈਠਾ ਹੋ ਗਿਆ। ਉਹਦੀ ਮਾਂ ਬਿਨਾਂ ਉਹਦਾ ਉੱਤਰ ਸੁਣੇ ਰੋਟੀ ਅਤੇ ਦਾਲ ਲੈ ਆਈ। ਉਹਦਾ ਰੋਟੀ ਖਾਣ ਨੂੰ ਭੋਰਾ ਚਿੱਤ ਨਹੀਂ ਸੀ ਕਰਦਾ। ਜਦੋਂ ਉਹ ਰੋਟੀ ਦੀ ਬੁਰਕੀ ਤੋੜਦਾ ਹੈ ਤਾਂ ਉਹਨੂੰ ਇਉਂ ਜਾਪਦਾ ਹੈ, ਜਿਵੇਂ ਉਹਦੇ ਸਮੁੱਚੇ ਜਿਸਮ ਨੂੰ ਕੋਈ ਚਰੂੰਢ ਰਿਹਾ ਹੋਵੇ। ਉਹਤੋਂ ਮਸਾਂ ਹੀ ਅੱਧੀ ਕੁ ਰੋਟੀ ਅੰਦਰ ਲੰਘਾਰ ਹੋਈ।ਉਹਨੇ ਰੋਟੀ ਉਵੇਂ ਦੀ ਉਵੇਂ ਛੱਡਕੇ ਦੋ ਘੁੱਟ ਪਾਣੀ ਦੇ ਭਰੇ।

ਉਹ ਦੀ ਮਾਂ ਮਮਤਾ ਸੰਗ ਕੁਰਲਾਈ, "ਕੀ ਹੋ ਗਿਆ ਪੁੱਤ ਤੈਨੂੰ ? ਤੇਰੀ ਭੁੱਖ ਕਿਉਂ ਮਰਗੀ। ਤੇਰੇ ਵਰਗੇ ਗੱਭਰੂ ਪੁੱਤ ਤਾਂ ...।" ਇਹ ਕਹਿੰਦਿਆਂ ਗੁਲਜ਼ਾਰ ਦੀ ਮਾਂ ਨੇ ਉਹਦੀ ਕਲਾਈ ਫੜੀ, "ਹੈਂ ! ਤੈਨੂੰ ਤਾਂ ਤਾਪ ਚੜ੍ਹਿਆ ਲੱਗਦੈ ? ਲੈ ਹੁਣ ਰਾਤ ਨੂੰ ਕਿਹੜਾ ਦਵਾਈ ਮਿਲਣੀ ਐ ? ...ਐਨੀ ਦੇਰ ਤੋਂ ਬਾਹਰ ਫਿਰਦਾ ਤੀ ਦਵਾਈ ਨੀ ਸੀ ਲੈ ਹੁੰਦੀ ? ਮਾਂ ਝੁੰਜਲਾ ਕੇ ਕੁਰਲਾ ਉੱਠੀ। ਉਹਨੂੰ ਕੁਝ ਨਾ ਸੁੱਝੇ ਕਿ ਉਹ ਕੀ ਕਰੇ ? "ਅੱਛਿਆ ! ਮੈਂ ਤੇਰੀ ਖ਼ਾਤਰ ਕਰਾਰੀ ਜਿਹੀ ਚਾਹ ਦਾ ਗਿਲਾਸ ਭਰਕੇ ਲਿਆਉਨੀ ਆਂ।"ਮਾਂ ਬਚੀ ਹੋਈ ਰੋਟੀ-ਦਾਲ ਦੀ ਥਾਲੀ ਤੇ ਕੌਲੀ ਚੁੱਕਕੇ ਰਸੋਈ 'ਚ ਚਲੀ ਗਈ। ਗੁਲਜ਼ਾਰ ਉਵੇਂ ਦਾ ਉਵੇਂ ਬੈਠਾ ਰਿਹਾ,

ਆਪਣੇ ਸਿਰ ਨੂੰ ਫੜਕੇ। ਉਹਦਾ ਚਾਹ ਪੀਣ ਨੂੰ ਭੋਰਾ ਚਿੱਤ ਨਹੀਂ ਸੀ ਕਰ ਰਿਹਾ । ਪਰ ਕੁਝ ਹੀ ਦੇਰ ਬਾਅਦ ਉਹਦੀ ਮਾਂ ਉਹਦੇ ਸਾਹਮਣੇ ਚਾਹ ਦਾ ਗਿਲਾਸ ਲਈ ਖੜੀ ਸੀ, "ਲੈ ਚਾਹ ਪੀ ਲੈ।"ਉਹਦੀ ਮਾਂ ਬੋਲੀ। ਉਹ ਨਾ ਬੋਲਿਆ, ਉਵੇਂ ਹੀ ਬੈਠਾ ਰਿਹਾ, "ਲੈ ਮਰ ਬੀ ਹੁਣ ਚਾਹ ਬੀ ਲੜਦੀ ਐ ਤੇਰੇ ?"ਮਾਂ ਦੀ ਮਮਤਾ ਤੜਪ-ਤੜਪ ਉੱਠੀ, "ਭੈਣ ਦੀ ਦਿੱਤਾ ... ਮਾਂ ਦੀ ਇਨ੍ਹਾਂ ਦੀ ... ਦਿੱਤਾ ਓਏ ... ਮੈਨੂੰ ਤੰਗ ਕਰ ਮਾਰਿਐ ... ਸਾਲਿਆਂ ਨੂੰ ਇੱਜ਼ਤ ਵੀ ਨੀ ਕਰਨੀ ਔਂਦੀ। ਮੈਂ ਫੂਕ ਕੇ ਰੱਖ ਦਿਆਂਗਾਂ ਸਾਰਿਆਂ ਨੂੰ ।"

ਤੜਾਕ ਕਰਦਾ ਹੱਥ ਨਾਲ ਹੁੰਦਿਆਂ ਹੀ ਚਾਹ ਦੇ ਗਿਲਾਸ 'ਤੇ ਪਿਆ। ਚਾਹ ਡੁੱਲ੍ਹ ਗਈ। ਕੱਚ ਦਾ ਨਾਜ਼ੁਕ ਗਿਲਾਸ ਫਰਸ਼ 'ਤੇ ਡਿੱਗ ਕੇ ਟੁਕੜੇ-ਟੁਕੜੇ ਹੋ ਗਿਆ। ਮਾਂ ਦਾ ਵੀ ਇਹੋ ਹੀ ਹਾਲ ਹੋਇਆ ਹੋਵੇਗਾ, ਪਰ ਮਾਂ ਜੋ ਮਾਂ ਹੁੰਦੀ ਹੈ, ਉਹ ਕੁਝ ਵੀ ਨਾ ਬੋਲੀ।ਉਹਦੀਆਂ ਬੁੱਢੀਆਂ ਤੇ ਕਮਜ਼ੋਰ ਬਾਹਵਾਂ ਨੇ ਹਰਕਤ ਲਈ ਤੇ ਉਹਦੇ ਝੁਰੜੀਆਂ ਭਰੇ ਹੱਥ ਆਪਣੇ ਪੁੱਤ ਦੇ ਮੋਢਿਆਂ 'ਤੇ ਟਿਕ ਗਏ। ਗੁਲਜ਼ਾਰ ਚੌਂਕ ਰਿਹਾ ਸੀ ਤੇ ਉਹਦਾ ਸਾਰਾ ਜਿਸਮ ਭਟਕਦੀ ਰੂਹ ਵਾਂਗ ਤੜਪ ਰਿਹਾ ਸੀ।

ਮੋ. 98145-07693

◆◆◆

# ਪੇੜੇ ਆਲ਼ਾ ਸਾਨ੍ਹ

**ਸਨੇਹਇੰਦਰ ਸਿੰਘ ਮੀਲੂ ਫਰੌਰ**

ਅਫ਼ਸਰ ਤਾਂ ਅਨੇਕਾ ਦੇਖੇ ਪਰ ਉਸ ਸਖਸ਼ ਵਰਗਾ ਨਹੀਂ, ਨਾ ਹੀ ਕਿਸੇ ਦਾ ਮਿੱਤਰ ਤੇ ਨਾ ਹੀ ਕਿਸੇ ਦਾ ਮਿੱਤ। ਉਸ ਦੀ ਚੁੱਪ ਵਿੱਚ ਹੀ ਉਸ ਦੇ ਸਾਰੇ ਗੁਣ-ਔਗਣ ਛੁਪੇ ਹੋਏ ਹਨ। ਵੈਸੇ ਅਫ਼ਸਰੀ ਦੇ ਅਕੜੇਵੇਂ ਦਾ ਅਸਰ ਘੱਟ ਹੀ ਦਿਖਾਈ ਦਿੰਦਾ ਹੈ। ਉਹ ਆਪ ਤੋਂ ਵੱਡੇ ਅਧਿਕਾਰੀ ਨਾਲ ਗੱਲ ਕਰਨ ਤੋਂ ਝਿਜਕਦਾ, ਛੋਟੇ 'ਤੇ ਕਦੇ ਕਦਾਈ ਮਾੜਾ-ਮੋਟਾ ਰੋਹਬ ਝਾੜ ਵੀ ਦਿੰਦਾ ਹੈ ਪਰ ਅਫ਼ਸਰੀ ਦੀ ਬੋਅ ਉਹ ਕਦੇ ਨਾ ਛੱਡਦਾ। ਆਮ ਬੰਦਾ ਉਹਦੇ ਕੋਲ ਜਾਣੋ ਡਰਦਾ ਨਹੀਂ ਉਹ ਕਿਸੇ ਨਾਲ ਆਪਣੀ ਭਾਵੁਕ ਸਾਂਝ ਨਹੀ ਰੱਖਦਾ। ਸਵੇਰੇ ਸਮੇਂ ਸਿਰ ਦਫਤਰ ਆਉਣਾ ਤੇ ਫਿਰ ਸ਼ਾਮ ਨੂੰ ਲੇਟ ਜਾਣਾ, ਕਦੇ-ਕਦਾਈ ਛੁੱਟੀ ਵਾਲੇ ਦਿਨ ਵੀ ਦਫਤਰ ਆ ਬੈਠਦਾ। ਘਰੇਲੂ ਮਾਨਸਿਕਤਾ ਦੀਆਂ ਨਿਸ਼ਾਨੀਆਂ ਉਹਦੇ ਇਸ ਵਤੀਰੇ ਤੋਂ ਸਾਫ਼ ਝਲਕਦੀਆਂ। ਉਹਦੀ ਘਰਵਾਲੀ ਨਾਲ ਘੱਟ ਈ ਬਣਦੀ ਹੈ। ਵੈਸੇ ਉਹ ਪੂਰਾ ਅੱਪ ਟੂ ਡੇਟ ਹੋ ਕੇ ਰਹਿੰਦਾ ਟਾਈ-ਸ਼ਾਈ ਲਾ ਕੇ ਫੌਜੀ ਅਫ਼ਸਰਾਂ ਵਾਂਗ ਪੋਚਵੀਂ ਪੱਗ ਨਾਲ ਦਾੜ੍ਹੀ ਨੂੰ ਸਿਮਕੋ ਲਾ ਕੇ ਮੈਚਿੰਗ ਕੱਪੜੇ ਪਾ ਹਰ ਸਮੇਂ ਊਰਜਾ ਨਾਲ ਭਰਿਆ ਰਹਿੰਦਾ। ਉਪਰਲੇ ਅਫ਼ਸਰਾਂ ਜਾਂ ਮੰਤਰੀਆਂ ਨੂੰ ਫਰਜ਼ੀ ਸਲਾਮ ਨਹੀਂ ਮਾਰਦਾ ਬਸ ਆਪਣੀ ਧੁੰਨ 'ਚ ਮਸਤ ਰਹਿੰਦਾ ਹੈ। ਉਹਦੀ ਆਪਣੀ ਹੀ ਸਮਾਂ ਸਾਰਣੀ ਬਣੀ ਹੁੰਦੀ ਹੈ ਉਹ ਆਪਣੇ ਏਰੀਏ ਦਾ ਪੂਰਾ ਭੇਤੀ ਹੈ। ਕਿਉਂਕਿ ਕਿੰਨੇ ਹੀ ਵਰ੍ ?ਿਆਂ ਦੀ ਸਰਵਿਸ ਉਹਦੀ ਇਸ ਇਲਾਕੇ ਦੀ ਹੈ। ਉਹ ਇਸੇ ਦਫ਼ਤਰ ਵਿੱਚ ਤਰੱਕੀ ਲੈ ਕੇ ਇਸੇ ਦਫ਼ਤਰ ਦਾ ਮੁਖੀ ਬਣ ਗਿਆ ਹੈ। ਇਸ ਕਰਕੇ ਉਹ ਸਭ ਜਾਣਦਾ ਹੈ ਕਿ ਕਿੱਥੋਂ ਰਾਹ ਮਿਲਣੀ ਹੈ, ਕਿੱਥੇ ਕਿਸੇ ਪਿੰਡ ਦੀ ਫਿਰਨੀ ਹੈ, ਕਿੱਥੇ ਸ਼ਰਾਬ ਤੇ ਕਬਾਬ ਦਾ ਇੰਤਜ਼ਾਮ ਹੋ ਜਾਂਦਾ ਹੈ। ਬਸ, ਉਹਦੀ ਸ਼ਾਮ ਦੀ ਰੁਟੀਨ ਮੁਰਗਾ ਤੇ ਕਬਾਬ ਦੀ ਹੈ ਕਦੇ ਕਦਾਈਂ ਦਫ਼ਤਰ 'ਚ ਮਾੜੀ-ਮੋਟੀ ਹਾਸੇ-ਠੱਠੇ 'ਚ ਸ਼ਰਾਬ ਦੀ ਗੱਲ ਵੀ ਛੋਹ ਲੈਂਦਾ ਹੈ।ਵੈਸੇ ਚਰਿੱਤਰ ਦਾ ਉਹ ਸਾਫ-ਸੁਥਰਾ ਹੈ। ਇਸ ਕਰਕੇ ਬਿਨਾਂ ਮਰਦ ਹੋਣ 'ਤੇ ਵੀ ਇਲਾਕੇ 'ਚ ਕਿਸੇ



ਘਰ ਗਏ ਨੂੰ ਘਰ ਦੀਆਂ ਤੀਵੀਂਆਂ ਵੀ ਚਾਹ ਪਾਣੀ ਪੁੱਛ ਲੈਂਦੀਆਂ ਹਨ। ਕਈ ਤਾਂ ਪੈਰ ਜਹੇ ਮੱਲਦੇ ਨੂੰ ਵੇਖ ਕੇ ਅਖਬਾਰ 'ਚ ਲਪੇਟ ਕੇ ਵਿਸਕੀ ਦੀ ਬੋਤਲ ਵੀ ਫੜਾ ਦਿੰਦੀਆਂ ਹਨ। ਜੀ ਉਹ ਕਹਿ ਗਏ ਸੀ। ਵੈਸੇ ਚਾਹ ਦਾ ਤਾਂ ਉਹ ਸ਼ੌਕੀਨ ਘੱਟ ਹੀ ਹੈ, ਇਸ ਕਰਕੇ ਉਹ ਨਿੰਬੂ ਆਪਣੇ ਕੋਲ ਹਮੇਸ਼ਾ ਰੱਖਦਾ ਹੈ। ਦਫਤਰ ਆਏ ਖਪਤਕਾਰ ਦੀ ਉਹ ਪੂਰੀ ਪੁੱਛ ਪ੍ਰਤੀਤ ਕਰਦਾ ਹੈ। ਉਹ ਇਸ ਗੱਲ ਦਾ ਪ੍ਰਤੀਕ ਨਹੀਂ ਕਿ ਅਫ਼ਸਰੀ ਦੀ ਤਾਕਤ ਸੱਚ ਮੁੱਚ ਹੁਕਮ ਚਲਾਉਣ ਵਾਲੀ ਹੀ ਹੁੰਦੀ ਹੈ। ਭਾਵੇਂ ਉਹ ਉੱਚ ਪੱਧਰ ਦਾ ਅਧਿਕਾਰੀ ਨਹੀਂ ਪਰ ਫਿਰ ਵੀ ਉਹਦਾ ਏਰੀਆ ਵਿਸ਼ਾਲ ਹੈ। ਭਲਾ, ਬਵਿੰਜਾ ਪਿੰਡਾਂ ਦਾ ਏਰੀਆ ਕੋਈ ਘੱਟ ਹੁੰਦਾ ਹੈ! ਉਹ ਆਪਣੀ ਰੂਹ ਨੂੰ ਹਮੇਸ਼ਾ ਬਾਗੋ- ਬਾਗ ਰੱਖਦਾ ਹੈ। ਅੰਦਰਲਾ ਦੁੱਖ ਦਰਦ ਜਾਂ ਦਿਲ ਦੀ ਕੋਈ ਵੀ ਗੱਲ ਕਿਸੇ ਨਾਲ ਸਾਂਝੀ ਨਹੀਂ ਕਰਦਾ। ਉਹ ਗੁੜ ਦੀ ਰੋੜੀ ਨੂੰ ਰੋਟੀ ਤੋਂ ਬਾਅਦ ਮੂੰਹ ਨਹੀਂ ਲਾਉਂਦਾ ਪਰ ਗੁੜ ਦੇ ਅਰਕ ਦਾ ਪੂਰਾ ਸ਼ੌਕੀਨ ਹੈ। ਉਹ ਕਦੇ ਕਿਸੇ ਨੂੰ ਫਾਲਤੂ ਸਵਾਲ-ਜਵਾਬ ਨਹੀਂ ਕਰਦਾ। 'ਬਸ ਠੀਕ ਹੈ ਜੀ, ਕੋਈ ਗੱਲ ਨਹੀਂ,ਕੋਈ ਗੱਲ ਨਹੀਂ'। ਉਹਦੀ ਗੱਲਬਾਤ ਕਰਨ ਦੇ ਲਹਿਜੇ ਦੇ ਸ਼ਬਦ ਹਨ। ਜਾਂ ਕਹਿ ਲਈਏ ਤਕੀਆ ਕਲਾਮ ਹਨ । ਉਹ ਜ਼ਿੰਦਗੀ 'ਚ ਬੜਾ ਸਹਿਜ ਤੇ ਹੌਲੀ- ਹੌਲੀ ਚੱਲਣ ਵਾਲਾ ਅਫ਼ਸਰ ਹੈ। ਉਹ ਭਲੇ ਵੇਲਿਆਂ 'ਚ ਡਿਪਲੋਮਾ ਕਰਕੇ ਇਸ ਪੋਸਟ ਤੇ ਲੱਗਾ ਅਤੇ ਇੱਥੇ ਹੀ ਪ੍ਰਮੋਟ ਹੋ ਗਿਆ ਇਸ ਕਰਕੇ ਉਹਦਾ ਆਪਣੇ ਏਰੀਏ ਵਿੱਚ ਹਰੇਕ ਨਾਲ ਮੋਹ ਮੁਹੱਬਤ ਵਾਲਾ ਰਿਸ਼ਤਾ ਬਣ ਗਿਆ ਹੈ। ਛੇਤੀ ਦੇਣੇ ਉਹ ਕਿਸੇ ਨੂੰ ਤੂੰ, ਤਾਂ ਜਾਂ ਓਏ ਦੇ ਲਹਿਜੇ ਨਾਲ ਕਦੇ ਨਹੀਂ ਬੁਲਾਉਂਦਾ।ਕਿਸੇ ਆਪਣੇ ਮਾਤ ਹਿੱਤ ਨੂੰ ਦਫ਼ਤਰੀ ਨੁਕਸਾਨ ਨੂੰ ਕਾਇਮ ਰੱਖਦਾ ਹੋਇਆ ਹਰੇਕ ਨੂੰ ਪਿਆਰ ਤੇ ਹਮਦਰਦੀ ਨਾਲ ਪੇਸ਼ ਆਉਂਦਾ ਹੈ। ਉਹ ਆਪ ਕੰਮ ਕਰਨ ਤੇ ਦਫ਼ਤਰੀ ਸਮੇਂ ਦਾ ਪੂਰਾ ਪਬੰਦ ਹੈ। ਉਹਦੇ ਕੋਲ ਕੰਮ ਕਰਵਾਉਣ ਲਈ ਆਏ ਲੋਕਾਂ ਨਾਲ ਉਹਦਾ ਵਤੀਰਾ ਸਮਝਣ ਤੇ ਸਮਝਾਉਣ ਵਾਲਾ ਹੁੰਦਾ ਹੈ ਉਹ ਕਿਸੇ ਦੀ ਫਾਈਲ ਨੂੰ ਰੋਕਦਾ ਨਹੀਂ।ਉਹ ਕਲਮ ਦਾ ਮਾੜਾ ਨਹੀਂ। ਉਹ ਕਿਸੇ ਨੂੰ ਦਫ਼ਤਰ ਦੇ ਫਾਲਤੂ ਗੇੜੇ ਨਹੀਂ ਲਵਾਉਂਦਾ ਬਸ ਉਹ ਤਾਂ ਦਫਤਰੀ ਸਮੇਂ ਉਪਰੰਤ ਆਪਣੀ ਹੀ ਬਣਾਈ ਸਮਾਂ ਸਾਰਣੀ ਮੁਤਾਬਿਕ ਆਪਣੇ ਵੱਡੇ ਏਰੀਏ ਦੇ ਗੇੜੇ ਲਾਉਂਦਾ ਹੈ। ਉਹ ਕਿਸੇ ਦਾ ਹੱਕ ਰੱਖਦਾ ਨਹੀਂ, ਮਾਰਦਾ ਨਹੀਂ ਅਤੇ ਆਪਣਾ ਬਣਦਾ ਹੱਕ ਵਸੂਲਣ ਦਾ ਉਸਦਾ ਆਪਣਾ ਹੀ ਅੰਦਾਜ਼ ਹੈ, ਸਿਧਾਂਤ ਹੈ, ਅਸੂਲ ਹੈ, ਉਹਦੀ ਨੇਕ ਦਿਲੀ ਨਾਲ ਕੰਮ ਕਰਨ ਦੀ ਗੀਤ ਨਾਲ ਪ੍ਰੀਤ ਹੈ। ਕਿਸੇ ਨਾਲ ਵੀ ਭੱਜ ਭੱਜ ਕੇ ਪੈਣਾ ਉਹਦੇ ਸੁਭਾਅ 'ਚ ਸ਼ਾਮਿਲ ਨਹੀਂ ਹੈ।ਉਹ ਸਫਲਤਾ ਨਾਲ ਅਫ਼ਸਰੀ ਕਰ ਰਿਹਾ ਸੀ। ਉਹਦੀ ਵੀ ਸਾਰੀ ਕਾਰਜਸ਼ੀਲਤਾ ਵਿੱਚੋ-ਵਿੱਚ ਪੂਰੀ ਪਾਰਦਰਸ਼ਤਾ ਝਲਕਦੀ ਹੈ। ਸਮੇਂ ਅਤੇ ਰਾਹਾਂ ਦੀਆ ਆਪਣੀਆਂ ਕਹਾਣੀਆਂ ਹੁੰਦੀਆਂ ਹਨ। ਸਮਾਂ ਆਪਣੀ ਚਾਲ ਚੱਲ ਰਿਹਾ ਸੀ। ਕਿਸੇ ਸਿਆਸੀ ਦਬਾਅ ਕਾਰਨ ਦੋ ਪਰਿਵਾਰਾਂ ਦੀ ਆਪਸੀ ਲੜਾਈ ਵਿੱਚ ਉਹ ਅਜਿਹਾ ਫਸਿਆ ਮਹਿਸੂਸ ਕਰਨ ਲੱਗਾ। ਜੇ ਇੱਕ ਦਾ ਕੰਮ ਕਰਦਾ ਹੈ ਤਾਂ ਦੂਜਾ ਦਬਾਅ ਬਣਾਉਂਦਾ ਹੈ ਤੇ ਦੂਜਾ ਨਾਰਾਜ਼ ਹੁੰਦਾ ਹੈ। ਉਹਦਾ ਆਪਸੀ ਤਾਲਮੇਲ ਡਗਮਗਾਉਣ ਲੱਗਾ। ਨੈਤਿਕਤਾ ਦੀ ਗਿਰਾਵਟ ਦਾ ਭੈੜਾ ਅਸਰ ਇਕ ਦੋ ਕਲਰਕਾਂ ਚੋਂ ਬੋਅ ਮਾਰਨ ਲੱਗਾ ਉਹਨੂੰ ਦਫ਼ਤਰ 'ਚ ਬਹੁਤੀ ਗਿਣਤੀ ਭੂਤਨਿਆਂ ਦੀ ਦਿਸਣ ਲੱਗੀ। ਉਹ ਬੇਚੈਨ ਜਿਹਾ ਰਹਿੰਦਾ ਰਿਸ਼ਵਤ ਖੋਰੀ ਤੇ ਭ੍ਰਿਸ਼ਟਾਚਾਰ ਕਰਨ ਤੋਂ ਇਲਾਵਾ ਸਿਆਸੀ ਦਬਾਅ ਕਾਰਨ ਸਾਰਾ ਦਫ਼ਤਰੀ ਕੰਮ ਉਲਝਿਆ-ਉਲਝਿਆ ਤੇ ਵਿਗੜਿਆ-ਵਿਗੜਿਆ ਲੱਗਣ ਲੱਗਾ। ਪਰ ਉਹ ਆਪਣੇ ਅਸੂਲਾਂ 'ਤੇ ਅੜਿਆ ਰਿਹਾ। ਉਹ ਆਪਣੀ ਚੜ੍ਹਤ ਦਾ ਸਮੁੱਚਾ ਪ੍ਰਭਾਵ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ।ਅਖੀਰ

ਸਿਆਸੀ ਦਬਾਅ ਕਾਰਨ ਵਿਭਾਗੀ ਛਾਣਬੀਣ ਨੇ ਉਹਦੀ ਬਦਲੀ ਸੈਂਕੜੇਂ ਮੀਲਾਂ ਦੂਰ ਦੀ ਕਰਕੇ ਤੁਰੰਤ ਰਿਲੀਵ ਹੋ ਕੇ ਅਗਲੇ ਦਫ਼ਤਰ 'ਚ ਹਾਜ਼ਰੀ ਯਕੀਨੀ ਬਣਾਉਣ ਦੇ ਹੁਕਮ ਕਰ ਦਿੱਤੇ। ਦੂਸਰੇ ਦਿਨ ਦਫ਼ਤਰ ਦੇ ਬਾਹਰ ਅਮਰ ਲਾਲ ਦੇ ਚਾਹ ਦੇ ਖੋਖੇ 'ਤੇ ਕੰਮ ਕਰਵਾਉਣ ਆਏ ਸਿਆਣੇ ਲੋਕ ਗੱਲਾਂ ਕਰ ਰਹੇ ਸਨ। ਮਾੜੀ ਕੀਤੀ ਬਈ ਗਊ ਦੇ ਜਾਏ ਨਾਲ, ਉਹ ਕਿਸੇ ਤੋਂ ਕੀ ਮੰਗਦਾ ਤੀ, ਉਹ ਤਾਂ ਵਿਚਾਰਾ ਪੇੜੇ ਆਲ਼ਾ ਸਾਨ ਤਾ। ਇਹੁ ਖੁੰਡ ਚਰਚਾ ਦੇਰ ਸ਼ਾਮ ਤੱਕ ਪੂਰੇ ਇਲਾਕੇ ਵਿੱਚ ਸੁਣਨ ਨੂੰ ਮਿਲਦੀ ਰਹੀ।

932/25, ਐਮ.ਕੇ. ਰੋਡ
ਖੰਨਾ-141401

◆◆◆

# ਰੇਡੀਓ ਨਾਟਕ

ਇਹ ਨਾਟਕ ਆਕਾਸ਼ਵਾਣੀ ਬਠਿੰਡਾ ਤੋਂ ਤਿੰਨ ਵਾਰ ਮਿਤੀ 23-09-2017, 27-09-2017 ਅਤੇ 14-10-2017 ਨੂੰ ਨਿਰਦੇਸ਼ਕ ਮੁਹੰਮਦ ਇਮਤਿਆਜ਼ ਦੁਆਰਾ ਪ੍ਰਸਾਰਿਤ ਹੋਇਆ। ਇਸੇ ਤਰ੍ਹਾਂ ਆਕਾਸ਼ਵਾਣੀ ਪਟਿਆਲੇ ਤੋਂ ਮਿਤੀ 19-01-2018 ਨੂੰ ਪ੍ਰਸਾਰਿਤ ਹੋਇਆ।

## ਪਾਣੀ ਦੀ ਵਾਰੀ

ਪਾਤਰ

ਲੇਖਕ -ਡਾ. ਬਲਕਰਨ ਸਿੰਘ ਭਾਗਸਰੀਆ
ਅਸਿਸਟੈਂਟ ਪ੍ਰੋਫੈਸਰ
ਸਰਕਾਰੀ ਮਹਿੰਦਰ ਕਾਲਜ, ਪਟਿਆਲਾ
ਮੋਬਾਇਲ ਨੰ. 98789-64100
E-mail: balkaransinghICE@gmail.com

| ਨਾਂ | ਉਮਰ |
|---|---|
| 1) ਮੁਖਤਿਆਰ ਸਿੰਘ | 60 ਸਾਲ |
| 2) ਟੇਕ ਸਿੰਘ ਨੰਬਰਦਾਰ | 50 ਸਾਲ |
| 3) ਬਖਤੌਰ ਸਿੰਘ | 50 ਸਾਲ |
| 4) ਸੁਦਾਗਰ ਸਿੰਘ | 57 ਸਾਲ |
| 5) ਗਿਆਨੋ | 60 ਸਾਲ |
| 6) ਮਹਿਮਾ ਅਮਲੀ | 45 ਸਾਲ |
| 7) ਨਾਹਰਾ ਸਿੰਘ | 52 ਸਾਲ |
| 8) ਚੌਂਕੀਦਾਰ ਚਾਨਣ ਸਿੰਘ | 70 ਸਾਲ |
| 9) ਕਾਲਾ ਸਿੰਘ | 24 ਸਾਲ |
| 10) ਜਵਾਹਰ ਸਿੰਘ | 55 ਸਾਲ |
| 11) ਵਿਰਥਾ ਸਿੰਘ ਆੜ੍ਹਤੀਆ | 55 ਸਾਲ |
| 12) ਰਾਮੂੰ (ਆੜ੍ਹਤੀਏ ਦਾ ਨੌਕਰ) | 50 ਸਾਲ |
| 13) ਗੁਰਜੰਟ ਸਿੰਘ | 50 ਸਾਲ |
| 14) ਇਕਬਾਲ ਸਿੰਘ ਕੌਲੀ ਚੱਟ | 52 ਸਾਲ |
| 15) ਨਿਹਾਲ ਕੌਰ | 55 ਸਾਲ |
| 16) ਜੱਸ ਕੌਰ | 18 ਸਾਲ |



**ਦ੍ਰਿਸ਼ ਇੱਕ (ਸਵੇਰ ਦਾ ਸਮਾਂ ਟੇਕ ਸਿੰਘ ਨੰਬਰਦਾਰ ਦੇ ਘਰ ਦਾ ਦ੍ਰਿਸ਼)**

ਇਹ ਨਾਟਕ ਪੰਜਾਬ ਦੇ ਇਕ ਪਿੰਡ ਵਿਚ ਦਲਿਤ ਕਿਰਸਾਨੀ ਦੀ ਤ੍ਰਾਸਦੀ ਨੂੰ ਪੇਸ਼ ਕਰਦਾ ਹੈ। ਪਿੰਡ ਦੇ ਵਿਚਕਾਰ ਨੰਬਰਦਾਰ ਟੇਕ ਸਿੰਘ ਦਾ ਘਰ ਹੈ। ਦਰਵਾਜਾ ਖੁੱਲਾ ਤੇ ਵੇਹੜਾ ਵੀ ਵੱਡਾ ਹੈ। ਬੈਠਕ ਦੇ ਬਾਹਰਵਾਰ ਖੁੱਲੇ ਵਿਹੜੇ ਵਿਚ ਪੰਜ-ਸੱਤ ਕੁਰਸੀਆਂ ਤੇ ਦੋ ਮੂੜੇ ਤੇ ਦੋ ਮੰਜੇ ਡੱਠੇ ਹਨ। ਨੰਬਰਦਾਰ ਟੇਕ ਸਿੰਘ ਤੇ ਚੌਂਕੀਦਾਰ ਚਾਣਨ ਸਿੰਘ ਤੋਂ ਇਲਾਵਾ ਤਿੰਨ ਚਾਰ ਬੰਦੇ ਕੁਰਸੀਆਂ ਅਤੇ ਮੂੜੇ ਉੱਪਰ ਬਿਰਾਜਮਾਨ ਹਨ। ਨੰਬਰਦਾਰ ਦਾ ਧੂਵਾਂ ਚਾਦਰਾ, ਕੁਰਮ ਵਾਲੀ ਜੁੱਤੀ ਤੇ ਚਿੱਟੀ ਪੱਗ ਸਾਦਗੀ ਵਾਲਾ ਚਿਹਰਾ ਆਪਣਾ ਵੱਖਰਾ ਪ੍ਰਭਾਵ ਛੱਡਦਾ ਹੈ। (ਫਲੈਸ ਬੈਕ ਵਿਧੀ ਰਾਹੀਂ ਹੁੰਦੀ ਹੈ)

ਟੇਕ ਸਿੰਘ ਨੰਬਰਦਾਰ : ਚੌਕੀਂਦਾਰ ਚਾਨਣ ਸਿੰਘ ਨੂੰ ਕਹਿੰਦਾ ਹੈ ਮੈਂ ਸ਼ਹਿਰ ਚੱਲਿਆਂ ਬਾਬੂ ਬੱਕਰੀਆ ਵਾਲੇ ਦੀ ਰਜਿਸਟਰੀ ਕਰਵਾ ਆਵਾਂ। ਗਰੀਬ ਬੰਦਾ ਉਹਨੇ ਵਿਚਾਰੇ ਨੇ ਦੋ ਖਾਨਾ ਦਾ ਥਾਂ ਖਰੀਦਿਆ ਹੈ। (ਬੱਸ ਦੀ ਆਵਾਜ਼)

**ਦ੍ਰਿਸ਼ ਦੋ**

ਸਵੇਰ ਦਾ ਸਮਾਂ ਹੈ ਪਿੰਡ ਦੀ ਬੁੱਢੀ ਬੁੜੀ ਆਉਦੀ ਆ। ਜਿਸ ਦਾ ਨਾਂ ਤਾਂ ਗਿਆਨ ਕੌਰ ਹੈ ਪਰ ਸਾਰੇ ਗਿਆਨੋ ਕਹਿ ਕੇ ਬੁਲਾਉਂਦੇ ਹਨ। (ਪਿੰਡ ਦੀ ਪੁਰਾਣੀ ਬੁੜੀ ਆ ਉਸਨੇ ਘੱਗਰਾ ਪਾਇਆ ਹੋਇਆ ਹੈ ਅਤੇ ਹੱਥ ਵਿਚ ਸੋਟੀ ਫੜੀ ਹੋਈ ਆ)

ਮਹਿਮਾ ਅਮਲੀ : ਆ ਆਉਂਦੀ ਗਿਆਨੋ ਬੁੜੀ, ਆ ਨੀ ਤਾਈ, ਸਣਾਂ ਕੋਈ ਜੱਗ ਬੀਤੀ, ਕੀ ਕਹਿੰਦੀ ਆ ਅੱਜ ਦੀ ਆਕਾਸ਼ਵਾਣੀ।

ਗਿਆਨੋ : ਤੂੰ ਤਾਂ ਬੜਾ ਮੋਮੋ ਠੱਗਣਾ ਸਾਰਿਆ ਨੂੰ ਮਿੱਠੀਆ ਗੋਲੀਆਂ ਵੰਡਦਾ ਹੈ ਤੇ ਤੇਰੇ ਕੋਲ ਜਰਦਾ ਤੇ ਬੀੜੀਆ ਪੀਣ ਤੋਂ ਬਿਨ੍ਹਾਂ ਹੋਰ ਕੋਈ ਕੰਮ ਨਹੀਂ ।

ਮਹਿਮਾ ਅਮਲੀ : ਵਾਹ ਨੀ ਤਾਈ! ਤੂੰ ਕਿਹੜਾ ਘੱਟ ਆ ਸਾਰੇ ਜਹਾਨ ਦੀਆਂ ਖ਼ਬਰਾਂ ਰੱਖਦੀਆਂ।

ਗਿਆਨੋ : ਜਾ ਵੇ ਅਮਲੀਆ ਮੈਥੋਂ ਨਹੀਂ ਤੇਰੇ ਨਾਲ ਮਗਜ਼ ਕੜਾਈ ਹੁੰਦੀ।

ਮਹਿਮਾ ਅਮਲੀ : ਤਾਈ ਗਿਆਨ ਕੁਰੇ ਤੈਨੂੰ ਇਕ ਗੱਲ ਆਖਾਂ ਜੇ ਗੁਸਾ ਨਾ ਕਰੇ ਤਾਂ।

ਗਿਆਨੋ : ਵੇ ਦੱਸ ਪੁੱਤ ਨਹੀਂ ਕਰਦੀ (ਮਿੱਠੀ ਜ਼ਬਾਨ ਵਿਚ)

ਮਹਿਮਾ ਅਮਲੀ : ਸਿਆਣਿਆ ਨੇ ਸਹੀ ਆਖਿਆ ਔਰਤ ਦੀ ਮੱਤ ਗਿੱਚੀ ਪਿੱਛੇ ਹੁੰਦੀ ਆਂ। ਔਰਤ ਜਾਤੀ ਨੂੰ ਕਿੰਨਾ ਮਰਜੀ ਸਮਝਾਈਏ ਇਸ ਨੂੰ ਸਮਝ ਨਹੀ ਆਉਂਦੀ।

ਗਿਆਨੋ : ਮੈਨੂੰ ਸਮਝ ਨਹੀਂ ਆਈ ਤੇਰੀ ਗੱਲ ਦੀ ਵੇ ਅਮਲੀਆਂ ?

ਮਹਿਮਾ ਅਮਲੀ : ਲੈ ਚੰਗੀ ਤਰ੍ਹਾਂ ਸੁਣ ਮੈਂ ਬਥੇਰਾ ਸਮਝਾਇਆ ਸੀ ਰੁਲਦੂ ਦੀ ਨਸੀਬੋ ਨੂੰ ਭਾਈ ਇਕਲੀ ਕੁੜੀ ਨੂੰ ਸਰਦਾਰਾਂ ਦੇ ਘਰ ਲੱਸੀ ਲੈਣ ਨਾ ਤੋਰਿਆ ਕਰ ਕੁੜੀ ਹੁਣ ਜਵਾਨ ਹੋ ਗਈ ਪਰ ਉਹਨਾਂ ਦੇ ਕੰਨ ਤੇ ਜੂੰ ਨਹੀਂ ਸਰਕੀ।

ਗਿਆਨੋ : ਵੇ ਕੀ ਭਾਣਾ ਵਰਤ ਗਿਆ ?

ਮਹਿਮਾ ਅਮਲੀ : ਹੁਣ ਜਦੋਂ ਗੱਲਾ ਸਾਰੇ ਪਿੰਡ ਵਿਚ ਹੋਣ ਲੱਗੀਆਂ ਤਾਂ ਮੇਰੇ ਕੋਲ ਦੁਖੜੇ ਰੋਣ ਲੱਗੇ ਕਹਿੰਦੇ ਗੱਲਾ ਤੇਰੀਆਂ ਸਹੀ ਸਨ ਪਰ ਹੁਣ ਕੀ ਕਰੀਏ ਜਦੋਂ ਸੱਪ ਲੰਘ ਗਿਆ ਤਾਂ ਲੀਹ ਕੁੱਟਣ ਦਾ ਕੀ ਫਾਇਦਾ।

ਗਿਆਨੋ : ਵੇ ਕੁੜੀ ਦਾ ਫਾਹਾ ਵੱਡ ਦਿਓ

ਮਹਿਮਾ ਅਮਲੀ : ਨਾ ਨੀ ਤਾਈ ਪਾਪ ਹੋ ਜੂਗਾ।

ਗਿਆਨੋ : ਵੇ ਕਿਸੇ ਦੇ ਲੜ ਲਾ ਦਿਉ।

ਮਹਿਮਾ ਅਮਲੀ : ਅੱਛਾ , ਏ ਠੀਕ ਆਂ (ਸਿਰ ਹਲਾ ਕੇ) ਵਿਆਹ ਕਰ ਦੇਣ।

ਗਿਆਨੋ : ਹੋਰ ਨਾ ਮਗਜ਼ ਮਾਰੀ ਕਿਸੇ ਕੋਲ ਖ਼ਬਰਦਾਰ ਜੇ ਪਿੰਡ ਦੀ ਧੀ ਭੈਣ ਦੀ ਗੱਲ ਕਿਸੇ ਹੋਰ ਕੋਲ ਕੀਤੀ ਤਾਂ ਸਾਰੀ ਦਿਹਾੜੀ ਬੈਠਾ ਖੰਭਾਂ ਦੀਆ ਉਡਾਰਾਂ ਬਣਾਈ ਜਾਣਾ।

**ਦ੍ਰਿਸ਼ 3 (ਮੁਖਤਿਆਰ ਸਿੰਘ ਦੇ ਘਰ ਦਾ ਦ੍ਰਿਸ਼, ਮਿਊਜ਼ਿਕ)**

ਮੁਖਤਿਆਰ ਸਿੰਘ : ਘਰ ਦੇ ਵਿਹੜੇ ਵਿਚ ਮੱਝ ਦਾ ਸੰਗਲ ਕੁੱਟ ਰਿਹਾ ਹੈ। ਠੱਕ-ਠੱਕ ਦੀ ਆਵਾਜ਼ ਆ ਰਹੀ ਹੈ।

ਪੁੱਤਰ (ਕਾਲਾ) : ਕਾਲਾ ਘਰੇ ਵੜਦਾ ਹੈ ਤੇ ਬਾਪੂ ਨਾਲ ਗੱਲ ਕਰਦਾ ਹੈ, ਬਾਪੂ ਜਦੋਂ ਆਪਣਾ ਮਾਮੂਲੀ ਰੌਲਾ ਆਪਣੇ ਤਾਏ ਗਿਆਨ ਕਿਆ ਨਾਲ ਸੀ ਤਾਂ ਪਿੰਡ ਦੇ ਕੁੱਝ ਸਰਦਾਰ ਨੇ ਆਪਣੀ ਪੂਰੀ ਮਦੱਦ ਕੀਤੀ ਸੀ ਤੇ ਹੁਣ ਜਦੋਂ ਸਰਦਾਰ ਬਖਤੌਰ ਸਿੰਹੁ ਨਾਲ ਰੌਲਾ ਪਿਆ ਤਾਂ ਇਨ੍ਹਾਂ ਸਰਦਾਰਾ ਨੂੰ ਕੀ ਹੋ ਗਿਆ ?

ਬਾਪੂ(ਮੁਖਤਿਆਰ ਸਿੰਘ) : ਪੁੱਤ ਸਰਦਾਰ ਸਰਦਾਰਾਂ ਦੇ ਤੇ ਭੋਲੂ ਨਰਾਇਣ ਦਾ, ਪੁੱਤਰ ਓਹ ਰੌਲਾ ਕਾਹਦਾ ਸੀ ਉਹ ਤਾਂ ਪਿੰਡ ਦੇ ਸਰਮਾਏਦਾਰਾਂ ਨੇ ਸਾਨੂੰ ਦੋਹਾਂ ਭਰਾਵਾਂ ਨੂੰ ਆਪਸ ਵਿਚ ਲੜਾਕੇ ਕਚਹਿਰੀ ਦਿਖਾਉਣੀ ਸੀ। ਕੁੱਝ ਪਿੰਡ ਦੇ ਸਰਮਾਏਦਾਰ ਤੇਰੇ ਤਾਏ ਗਿਆਨ ਸਿਹੁੰ ਵਾਲੇ ਪਾਸੇ ਹੋ ਗਏ ਤੇ ਕੁੱਝ ਮੇਰੇ ਵਾਲੇ ਪਾਸੇ।

ਪੁੱਤਰ (ਕਾਲਾ) : ਬਾਪੂ ਤੁਹਾਨੂੰ ਦੋਹਾਂ ਭਰਾਵਾਂ ਨੂੰ ਸਮਝ ਨਹੀਂ ਆਈ।

ਬਾਪੂ (ਮੁਖਤਿਆਰ ਸਿੰਘ) : ਅਸੀਂ ਦੋਨੋਂ ਭਰਾ ਕਚਹਿਰੀ ਵਿਚ ਖਜਰ ਖਵਾਰ ਹੋ ਕੇ ਬੈਠ ਗਏ ਤੇ ਉਤੋਂ ਜਿਹੜਾ ਪੈਸਾ ਲੱਗਿਆ ਉਹ ਵੱਖਰਾ। ਪੁੱਤਰ



ਇਹ ਰੌਲਾ ਤਾਂ ਘਰ ਬੈਠ ਕੇ ਵੀ ਨਿੱਬੜ ਸਕਦਾ ਸੀ ਪਰ ਇਨ੍ਹਾਂ ਸਰਮਾਏਦਾਰਾਂ ਦੀਆਂ ਚਾਲਾਂ ਦਾ ਮੈਨੂੰ ਹੁਣ ਪਤਾ ਲੱਗਿਆ।

ਪੁੱਤਰ (ਕਾਲਾ) : ਕੀ ਬਾਪੂ ?

ਬਾਪੂ (ਮੁਖਤਿਆਰ ਸਿੰਘ): ਪੁੱਤਰ ਅਸਲ ਰੌਲਾ ਤਾਂ ਹੁਣ ਪਿਆਂ ਜਦੋਂ ਆਪਣਾ ਸਰਦਾਰ ਬਖਤੌਰ ਸਿੰਹੁ ਨਾਲ ਰੋਲਾ ਪਿਆ। ਸਰਦਾਰ ਤੋਂ ਆਪਣੀ ਥੋੜੀ ਜਮੀਨ ਉਸਦੀ ਜਮੀਨ ਦੇ ਨਾਲ ਲੱਗਦੀ ਜਰੀ ਨਹੀ ਜਾਂਦੀ।

ਪੁੱਤਰ(ਕਾਲਾ) : ਬਾਪੂ ਤੇ ਸਰਦਾਰ ਬਖਤੌਰ ਸਿੰਹੁ ਕੋਲ ਤਾਂ ਆਪਣੇ ਨਾਲੋਂ ਦਸ ਗੁਣਾ ਜ਼ਮੀਨਾਂ ਵੱਧ ਹੈ ਫਿਰ ਇਹ ਇਉਂ ਕਿਉਂ ਕਰਦਾ ਹੈ ?

ਬਾਪੂ (ਮੁਖਤਿਆਰ ਸਿੰਘ) : ਪੁੱਤ ਤਮਾਂ ਵਧ ਗਈ ਇਹਦੀ ਆਪਣੀ ਜ਼ਮੀਨ ਪਿੰਡ ਦੇ ਧੜੱਲੇਦਾਰ ਸਰਦਾਰ ਬਖਤੌਰ ਸਿੰਹੁ ਨਾਲ ਲੱਗਦੀ ਹੈ। ਉਨ੍ਹਾਂ ਦੀ ਵੱਟ ਤੇ ਆਪਣੀ ਵੱਟ ਸਾਂਝੀ ਹੈ ਤੇ ਆਪਣੀ ਪਾਣੀ ਦੀ ਵਾਰੀ ਇਨ੍ਹਾਂ ਦੀ ਵਾਰੀ ਤੋਂ ਮਗਰੋਂ ਆਉਂਦੀ ਹੈ ਜਦੋਂ ਅਸੀਂ ਆਪਣੀ ਪਾਣੀ ਦੀ ਵਾਰੀ ਵੰਡਣ ਜਾਂਦੇ ਹਾਂ ਤਾਂ ਬਖਤੌਰ ਸਿੰਹੁ ਸਾਨੂੰ ਸਹੀ ਨੱਕੇ ਤੇ ਪਾਣੀ ਨਹੀਂ ਦਿੰਦਾ ਤੇ ਅਸੀਂ ਬਹੁਤ ਵਾਰੀ ਸਮਝਾਇਆਂ ਬਖਤੌਰ ਸਿੰਹਾਂ ਅਸੀਂ ਗਰੀਬ ਆਦਮੀ ਆ ਤੇ ਸਾਡੇ ਕੋਲ ਜਮੀਨ ਬਹੁਤ ਥੋੜੀ ਐ। ਸਾਨੂੰ ਪਾਣੀ ਸਹੀ ਨੱਕੇ ਤੇ ਦਿਆਂ ਕਰ। ਜੇ ਸਾਡੇ ਖੇਤਾਂ ਨੂੰ ਪਾਣੀ ਲੱਗੇਗਾ ਤਾਂ ਹੀ ਸਾਡੀਆਂ ਫ਼ਸਲਾਂ ਹੋਣਗੀਆਂ।

ਪੁੱਤਰ(ਕਾਲਾ) : ਬਾਪੂ ਤੇ ਤੁਸੀਂ ਪਿੰਡ ਦੀ ਪੰਚਾਇਤ ਕੋਲ ਜਾਣਾ ਸੀ।

ਬਾਪੂ(ਮੁਖਤਿਆਰ ਸਿੰਘ) : ਪੁੱਤਰ ਮੈਂ ਇਕ ਵਾਰੀ ਨਹੀਂ ਬਹੁਤ ਵਾਰੀ ਪਿੰਡ ਦੀ ਪੰਚਾਇਤ ਤੇ ਮੋਘੇਦਾਰਾਂ ਨੂੰ ਇੱਕਠਾ ਕੀਤਾ ਤੇ ਆਖਿਆ ਬਈ ਬਖਤੌਰ ਸਿੰਹੁ ਨੂੰ ਆਖੋਂ ਮੈਨੂੰ ਸਹੀ ਨੱਕੇ ਤੇ ਪਾਣੀ ਦੇ ਦਿਆ ਕਰੇ।

ਪੁੱਤਰ (ਕਾਲਾ) : ਫਿਰ ਬਾਪੂ ਪੰਚਾਇਤ ਤੇ ਮੋਘੇਦਾਰਾਂ ਨੇ ਕੀ ਬਖਤੌਰ ਸਿੰਹੁ ਨੂੰ ਆਖਿਆ।

ਬਾਪੂ (ਮੁਖਤਿਆਰ ਸਿੰਹੁ) : ਪੁੱਤਰ ਗੋਲੀ ਕੀਹਦੀ ਤੇ ਗਹਿਣੇ ਕੀਹਦੇ: ਸਾਰੇ ਬੰਦੇਂ ਸਰਦਾਰ ਬਖਤੌਰ ਸਿੰਹੁ ਦੇ ਹੱਕ ਵਿਚ ਭੁਗਤ ਗਏ ਤੇ ਮੇਰੇ ਹੱਕ ਵਿਚ ਇਕਲਾ ਪਿੰਡ ਦਾ ਅਮਲੀ ਮਹਿਮਾ ਸਿੰਘ ਬੋਲਿਆ ਤੇ ਉਸ ਨੇ ਆਖਿਆ ਮੈਂ ਕਿਸੇ ਸਰਦਾਰ ਦੀ ਪ੍ਰਵਾਹ ਨਹੀਂ ਕਰਦਾ ਤੇ ਸੱਚੀ ਗੱਲ ਅੱਖੂ ਗਾਂ ਸਰਦਾਰ ਬਖਤੌਰ ਸਿੰਹੁ ਗਰੀਬ ਮੱਜਬੀ ਸਿੱਖ ਦੀ ਜਮੀਨ ਲੈਣਾ ਚਾਹੁੰਦਾ ਹੈ ? ਪਰ ਮੈਨੂੰ ਵੀ ਨਾਲ ਦੀ ਨਾਲ ਤਾੜ ਗਿਆ ਮੁਖਤਿਆਰ ਸਿੰਹਾਂ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਲਾਡਲੀ ਫੌਜ ਆ ਤੱਕੜਾ ਰਹੀਂ ਡਰੀ ਨਾ। ਇਹਦੀ ਅੱਖ ਇੱਲ ਵਰਗੀ ਆ ਆਪਣੀ ਜ਼ਮੀਨ ਤੇ ਟਿੱਕੀ ਹੋਈ ਆ। ਜ਼ਮੀਨ ਆਪਾ ਨਹੀਂ ਦੇਣੀ ਭਾਵੇਂ ਭੁੱਖੇ ਰਹਿਣਾ

ਪਵੇਂ ?

ਸੁਦਾਗਰ ਸਿੰਘ : ਪਓ-ਪੁੱਤਾ ਦਾ ਰੌਲਾ ਸੁਣ ਕੇ ਆਉਂਦਾ ਹੈ। ਕਿਵੇਂ ਆ ਮੁਖਤਿਆਰ ਸਿੰਹਾਂ ਸਵੇਰੇ-ਸਵੇਰੇ ਪਿਉ-ਪੁੱਤ ਆਡਾ ਲਾਈ ਬੈਠੇ ਹੋ।

ਮੁਖਤਿਆਰ ਸਿੰਘ : ਕਾਹਦਾ ਸਦਾਗਰ ਸਿੰਹਾਂ ਪਿੰਡ ਦਾ ਸਰਦਾਰ ਬਖਤੌਰ ਸਿਹੁੰ ਸਾਨੂੰ ਸਹੀਂ ਨੱਕੇ ਤੇ ਪਾਣੀ ਨਹੀਂ ਦਿੰਦਾ ਤੇ ਮੈਨੂੰ ਕਾਫੀ ਖਾਲਾ ਭਰਕੇ ਲਿਆਉਣਾ ਪੈਂਦਾ ਹੈ ਤੇ ਪਾਣੀ ਦੀ ਵਾਰੀ ਥੋੜੀ ਹੋਣ ਕਰਕੇ ਪਾਣੀ ਦੀ ਵਾਰੀ ਖਾਲੇ ਭਰਨ ਵਿਚ ਹੀ ਲੰਘ ਜਾਂਦੀ ਹੈ।

ਸੁਦਾਗਰ ਸਿੰਘ : ਮੁਖਤਿਆਰ ਸਿੰਹਾਂ ਇਉਂ ਸਰਦਾਰ ਬਖਤੌਰ ਸਿਹੁੰ ਨੇ ਪੋਲੀ ਪੈਰੀ ਆਖੇ ਨਹੀਓ ਲੱਗਣਾ। ਚੰਗਾ ਮੈਂ ਮੁੰਡੇ ਦੀ ਸਕੂਲ ਫੀਸ ਭਰਣੀਆਂ ਮਾਸਟਰ ਨੇ ਬਲਾਇਆ ਸੀ। (ਸਕੂਟਰ ਦੀ ਆਵਾਜ਼)

ਪੁੱਤਰ(ਕਾਲਾ) : ਬਾਪੂ ਆਪਾ ਨਹਿਰੀ ਮਹਿਕਮੇ ਵਿਚ ਕੇਸ ਕਰ ਦੇਈਏ।

ਬਾਪੂ(ਮੁਖਤਿਆਰ ਸਿੰਘ) : ਨਹੀਂ ਪੁੱਤਰ ਨਹੀਂ ਕੇਸ ਵਿਚ ਆਪਣੀ ਗਰੀਬਾਂ ਦੀ ਸੁਣਵਾਈ ਨਹੀਂ ਹੋਣੀ ਤੇ ਨਾਲੇ ਨਹਿਰੀ ਪਟਵਾਰੀ ਤਾਂ ਬਖਤੌਰ ਸਿਹੁੰ ਦੇ ਹੱਕ ਦੀ ਹਾਮੀ ਭਰਦਾ ਹੈ।

ਪੁੱਤਰ(ਕਾਲਾ) : ਬਾਪੂ ਆਪਾਂ ਪਟਵਾਰੀ ਤੋਂ ਵੱਡੇ ਅਫ਼ਸਰਾਂ ਕੋਲ ਸ਼ਕਾਇਤ ਕਰਦਿਆ ਗੇ।

ਬਾਪੂ(ਮੁਖਤਿਆਰ ਸਿੰਘ) : ਪੁੱਤਰ ਕਚਹਿਰੀ ਵਿਚ ਕੇਸ ਝਗੜਨ ਵਾਸਤੇ ਬਹੁਤ ਜ਼ਿਆਦਾ ਰੁਪਏ ਦੀ ਲੋੜ ਹੁੰਦੀ ਹੈ। ਆਪਾ ਮਜ਼ਦੂਰ ਕਿਸਾਨ ਹਾਂ। ਆਪਾ ਤੋਂ ਕਚਹਿਰੀ ਵਿਚ ਕੇਸ ਝਗੜਨ ਲਈ ਪੂਰਾ ਨਹੀਓ ਆਇਆ ਜਾਣਾ। ਬਹੁਤ ਘੱਟ ਅਫ਼ਸਰ ਹਨ ਜੋ ਫੈਸਲਾ ਜਲਦੀ ਤੇ ਸਹੀ ਕਰਦੇ ਹਨ। ਚੱਲ ਛੱਡ ਤੂੰ ਮੱਝ ਨੂੰ ਖੋਲ ਕੇ ਪਾਣੀ ਪਲਾ ਦੇ ਨਾਲੇ ਟੋਕਾ ਕਰਦੇ।

**ਦ੍ਰਿਸ਼ ਚਾਰ** (**ਟੇਕ ਸਿੰਘ ਨੰਬਰਦਾਰ ਦੇ ਘਰ ਦਾ ਦ੍ਰਿਸ਼**)

ਟੇਕ ਸਿੰਘ ਨੰਬਰਦਾਰ : ਸੁਦਾਗਰ ਸਿੰਹਾਂ ਐਂਤਕੀ ਸਰਕਾਰ ਨੇ ਆ ਬਹੁਤ ਵਧੀਆ ਕੰਮ ਕੀਤਾ।

ਸੁਦਾਗਰ ਸਿੰਘ : ਕੀ ਨੰਬਰਦਾਰਾਂ

ਟੇਕ ਸਿੰਘ ਨੰਬਰਦਾਰ : ਜਿਹੜਾ ਸਰਕਾਰ ਨੇ ਲੋਕਾਂ ਨੂੰ ਕਣਕ ਦੇ ਨਾੜੇ ਨੂੰ ਅੱਗ ਨਹੀਂ ਲਾਉਣ ਦਿੱਤੀ।

ਸੁਦਾਗਰ ਸਿੰਘ : ਹਾਂ ਨੰਬਰਦਾਰਾਂ ਬਹੁਤ ਵਧੀਆ ਇਸ ਨਾਲ ਇਕ ਤਾਂ ਮੌਸਮ ਸਾਫ ਤੇ ਬਿਮਾਰੀਆਂ ਵੀ ਨਹੀਂ ਲੱਗਣ ਗੀਆਂ। ਦੂਸਰਾ ਆਪਣੀ ਜ਼ਮੀਨ ਵਿਚਲੇ ਮਿੱਤਰ ਕੀੜੇ ਜੋ ਫ਼ਸਲਾਂ ਲਈ ਲਾਹੇਵੰਦ ਹਨ ਉਹ ਨਹੀਂ ਮਰਨਗੇ। ਇਹ ਤਾਂ ਸਰਕਾਰ ਨੇ ਬਹੁਤ ਵੱਡਾ ਤੇ ਸੁਲਾਘਾਯੋਗ ਕਦਮ ਚੁੱਕਿਆ ਹੈ।

ਮਹਿਮਾ ਅਮਲੀ : ਹਾਂ, ਸੁਦਾਗਰ ਸਿੰਹਾਂ ਮੈਂ ਵੀ ਇਸ ਗੱਲ ਨਾਲ ਸਹਿਮਤ ਹਾਂ,



ਜੇ ਕਿਤੇ ਸਰਕਾਰ ਨੇ ਪਹਿਲਾਂ ਵੀ ਇਹ ਕਦਮ ਚੁੱਕਿਆ ਹੁੰਦਾ ਤਾਂ ਉਸ ਤੋਂ ਵੀ ਵਧੀਆ ਹੋਣਾ ਸੀ। ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਨਾਲ ਹਰਿਆਵਲੀ ਵੀ ਵਧਦੀ ਹੈ ਜੇ ਸਾਡੇ ਰੁੱਖ ਹੋਣਗੇ ਤਾਂ ਵਰਖਾ ਵੀ ਜ਼ਿਆਦਾ ਹੋਵੇਗੀ। ਰੁੱਖ ਵੀ ਸਾਡੀ ਸਿਹਤ ਲਈ ਬਹੁਤ ਲਾਹੇਵੰਦ ਹਨ। ਦੂਜਾ ਨੰਬਰਦਾਰਾਂ ਸਰਕਾਰਾਂ ਸੜਕਾਂ ਪੁਲਾਂ ਤੇ ਅਰਬਾਂ ਰੁਪਿਆ ਲਾ ਦਿੰਦੀਆਂ ਹਨ। ਸੜਕਾਂ ਦੇ ਕਿਨਾਰੇ ਦਰੱਖਤ ਬਹੁਤ ਘੱਟ ਹਨ ਸਰਕਾਰਾਂ ਨੂੰ ਇਨ੍ਹਾਂ ਵਾਲੇ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਵੱਧ ਤੋਂ ਵੱਧ ਦਰੱਖ਼ਤ ਲਾਉਣੇ ਚਾਹੀਦੇ ਹਨ ਤਾਂ ਕਿ ਸਾਡਾ ਵਾਤਾਵਰਨ ਸਾਫ-ਸੁਥਰਾ ਰਹੇ।

ਸੁਦਾਗਰ ਸਿੰਘ : ਨੰਬਰਦਾਰਾਂ ਇੱਕ ਯੂਨੀਵਰਸਿਟੀ ਵਿੱਚ ਮੁੰਡਿਆਂ ਦਾ ਫੀਸ ਦਾ ਰੌਲਾ ਪਿਆ ਹੋਇਆ। ਸਰਕਾਰ ਨੇ ਫੀਸਾਂ ਵਧਾ ਦਿੱਤੀਆਂ।

ਟੇਕ ਸਿੰਘ ਨੰਬਰਦਾਰ : ਹਾ ਹੋ! ਮੁੰਡੇ ਕੀ ਕਰਨ ਪੀ-ਐੱਚ.ਡੀ. ਕਰਕੇ ਵੇਲੇ ਬੈਠੇ ਹਨ ਕੋਈ ਸਰਕਾਰ ਰੁਜ਼ਗਾਰ ਨਹੀਂ ਦੇ ਰਹੀ। ਜੇ ਕੋਈ ਪੀ-ਐੱਚ.ਡੀ. ਕਰਕੇ ਕਿਸੇ ਕਾਲਜ ਵਿੱਚ ਲੱਗਦਾ ਹੈ ਤਾਂ ਉਸ ਨੂੰ ਸਿਰਫ 10,15 ਹਜ਼ਾਰ ਰੁਪਏ ਮਹੀਨੇ ਤੇ ਰੱਖਿਆ ਜਾਂਦਾ ਹੈ ਤੇ ਜਦੋਂ ਮਰਜ਼ੀ ਕਾਲਜ ਵਿਚੋਂ ਕੱਢ ਦਿੱਤਾ ਜਾਂਦਾ ਹੈ। ਏਨੀ ਪੜ੍ਹਾਈ ਕਰਕੇ ਉਹ ਕੀ ਕਰਨ।

ਸੁਦਾਗਰ ਸਿੰਘ : ਨਾਲੇ ਆਖਦੇ ਪ੍ਰੋਫੈਸਰ ਦੀ ਤਨਖਾਹ ਤਾਂ ਲੱਖ ਤੋਂ ਵੱਧ ਹੁੰਦੀ ਆ।

ਟੇਕ ਸਿੰਘ ਨੰਬਰਦਾਰ : ਉਹ ਤਾਂ ਸਰਕਾਰੀ ਪ੍ਰੋਫੈਸਰ ਦੀ ਆਹ।

ਸੁਦਾਗਰ ਸਿੰਘ : ਤੇ ਇਨ੍ਹਾਂ ਮੁੰਡਿਆਂ ਕੁੜੀਆਂ ਨੇ ਵੀ ਇਨੀ ਉੱਚੀ ਵਿੱਦਿਆ ਹਾਸਲ ਕੀਤੀ ਹੈ।

ਟੇਕ ਸਿੰਘ ਨੰਬਰਦਾਰ : ਪਰ ਸੁਦਾਗਰ ਸਿਹਾਂ ਸਰਕਾਰ ਨੇ 20, 22 ਸਾਲ ਹੋ ਗਏ ਸਰਕਾਰੀ ਕਾਲਜਾਂ ਵਿੱਚ ਕੋਈ ਭਰਤੀ ਨਹੀਂ ਕੀਤੀ ਤੇ ਸਰਕਾਰ ਉਨ੍ਹਾਂ ਪ੍ਰਾਈਵੇਟ ਅਧਿਆਪਕਾਂ ਤੋਂ ਕੰਮ ਸਰਕਾਰੀ ਪ੍ਰੋਫ਼ੈਸਰਾਂ ਜਿਨਾਂ ਹੀ ਲੈਂਦੀ ਹੈ ਤੇ ਤਨਖਾਹ ਆਟੇ ਵਿੱਚ ਲੂਣ ਜਿੰਨੀ ਦਿੰਦੀ ਹੈ।

ਸੁਦਾਗਰ ਸਿੰਘ : ਉਧਰੋ ਬੇਰੁਜ਼ਗਾਰੀ ਸਾਹ ਨਹੀਂ ਲੈਣ ਦਿੰਦੀ ਤੇ ਉਤੋਂ ਕਿਸਾਨ ਆਤਮ ਹੱਤਿਆ ਕਰੀ ਜਾਂਦੇ ਹਨ।

ਟੇਕ ਸਿੰਘ ਨੰਬਰਦਾਰ : ਕਿਸਾਨ ਵਿਚਾਰੇ ਕਰਜੇ ਹੇਠ ਲਤਾੜੇ ਗਏ ਹਨ ਪਰ ਸੁਦਾਗਰ ਸਿਹਾਂ ਆਤਮ ਹੱਤਿਆ ਕਰਨੀ ਮਾਹਾਂ ਪਾਪ ਹੈ। ਆਤਮ ਹੱਤਿਆ ਕਰਨ ਨਾਲ ਇਹ ਮਸਲੇ ਹੱਲ ਨਹੀਂ ਹੁੰਦੇ ਸਗੋਂ, ਘਰ ਵਿੱਚ ਹੋਰ ਸਮੱਸਿਆਵਾਂ ਵਧ ਜਾਂਦੀਆਂ ਹਨ। ਹਰ ਸਮੱਸਿਆਵਾਂ ਦਾ ਹੱਲ ਜਿਉਂਦੇ ਜੀ ਕੀਤਾ ਜਾ ਸਕਦਾ ਹੈ।

ਸੁਦਾਗਰ ਸਿੰਘ : ਇਹ ਤਾਂ ਗੱਲ ਨੰਬਰਦਾਰਾਂ ਠੀਕ ਜੇ ਜਿਉਂਦੇ ਜੀਅ ਨਹੀਂ

ਸਮੱਸਿਆ ਹੱਲ ਕਰ ਸਕਦੇ ਮਰੇ ਕਰ ਲੈਂਣਗੇ। ਸੰਘਰਸ਼ ਬੰਦੇ ਦੀ ਅਸਲ ਜ਼ਿੰਦਗੀ ਆ। ਜਿਉਂਦੇ ਜੀਅ ਦੇ ਮੇਲੇ ਹੁੰਦੇ ਹਨ।

ਟੇਕ ਸਿੰਘ ਨੰਬਰਦਾਰ : ਚੰਗਾ, ਸੁਦਾਗਰ ਸਿਹਾਂ ਮੈਂ ਕਚਿਹਰੀ ਚੱਲਾਂ। ਕੁੱਝ ਲੋਕਾਂ ਦੀ ਰਜਿਸਟਰੀ ਕਰਾਵਾਉਣੀ ਆ।

**ਦ੍ਰਿਸ਼ ਪੰਜ (ਪਿੰਡ ਦੀ ਸੱਥ ਦਾ ਦ੍ਰਿਸ਼)**

ਸੁਦਾਗਰ ਸਿੰਘ : ਸਕੂਟਰ ਰੋਕਦਾ ਹੋਇਆ ਜਵਾਹਰੇ ਨੂੰ ਕਹਿੰਦਾ ਹੈ ਇਹਨੂੰ ਕਿਉ ਕੁੱਟੀ ਜਾਨਾ ਝੋਟੇ ਵਾਂਗੂ (ਸਕੂਟਰ ਦੀ ਆਵਾਜ਼)

ਜਵਾਹਰ ਸਿੰਘ : ਆਪਣੇ ਮੁੰਡੇ ਨਾਹਰੇ ਨੂੰ ਕੁੱਟੀ ਆਉਂਦਾ ਹੈ।

ਨਾਹਰਾ(ਬਖਤੌਰ ਸਿੰਘ ਦਾ ਛੇੜੂ): ਮੁੰਡਾ ਰੋਂਦਾ ਰੋਂਦਾ ਕਹਿੰਦਾ ਹੈ, ਮੈਂ ਨਹੀਂ ਇਨ੍ਹਾਂ ਸਰਦਾਰਾਂ ਦੇ ਖੇਤ ਕੰਮ ਕਰਨਾ। ਇਹ ਕੰਮ ਬਹੁਤ ਜਿਆਦਾ ਕਰਵਾਉਂਦੇ ਨੇ।

ਜਵਾਹਰ ਸਿੰਘ : ਕੰਮ ਨਹੀਂ ਕਰਨਾ (ਕੰਨ ਮਰੋੜ ਕੇ) ਤੇ ਉਹਨਾਂ ਪਿਉਵਾਂ ਦੀ ਰਕਮ ਕੌਣ ਮੌੜੂਗਾ।

ਸੁਦਾਗਰ ਸਿੰਘ : ਰਹਿਣ ਦੇ ਜਵਾਹਰ ਸਿੰਹਾਂ ਬੱਚਾ ਹੌਲੀ ਹੌਲੀ ਹਾਲੀ ਨਿਕਲ ਜੂਗਾ ਆਪਣੇ ਗੋਰੇ ਵਹਿੜਕੇ ਦੀ ਤਰ੍ਹਾਂ।

ਜਵਾਹਰ ਸਿੰਘ : ਕਹਾਨੂੰ ਸਾਲਾਂ ਖੇਤੋਂ ਭੱਜ ਆਉਂਦਾ ਫਿਰ ਚਪੇੜ ਮਾਰ ਕੇ

ਮੁੰਡਾ (ਨਾਹਰਾ) : ਸੁਦਾਗਰ ਬਾਬੇ ਉਨ੍ਹਾਂ ਦਾ ਕੰਮ ਬਹੁਤ ਜ਼ਿਆਦਾ ਹੈ ਤੇ ਦਿਨ ਰਾਤ ਖੇਤ ਹੀ ਰਹਿਣਾ ਪੈਂਦਾ ਹੈ ਤੇ ਨਾਲੇ ਮੈਨੂੰ ਕਹਿੰਦੇ ਜਦੋਂ ਮਜੱਬੀ ਮੁਖਤਿਆਰ ਦੀ ਪਾਣੀ ਦੀ ਵਾਰੀ ਹੁੰਦੀ ਹੈ ਪਿੱਛੋਂ ਮੂੰਹਾ ਖੋਲ ਦਿਆਂ ਕਰ ਤੇ ਇਹ ਮਜ਼ੱਬੀ ਆਪਣਾ ਸਰਦਾਰਾਂ ਦਾ ਕੀ ਕਰ ਲੂੰ।

ਜਵਾਹਰ ਸਿੰਘ : ਸਾਲਿਆਂ ਉਨ੍ਹਾਂ ਸਰਦਾਰਾਂ ਦੀ ਇਨੀ ਵਾਰੀ ਆ ਕਿਉਂ ਝੂਠ ਬੋਲਦਾ।

ਮੁੰਡਾ (ਨਾਹਰਾ) : ਨੀਤ ਤਾਂ ਫਿਰ ਵੀ ਨਹੀਂ ਭਰਦੀ ਵੱਡੇ ਸਰਦਾਰਾਂ ਦੀ

ਜਵਾਹਰ ਸਿੰਘ : ਚਪੇੜ ਮਾਰ ਕੇ ਸਾਲਾ ਚੁੱਪ ਨਹੀਂ ਕਰਦਾ।

ਮੁੰਡਾ (ਨਾਹਰਾ) : ਸੁਦਾਗਰ ਬਾਬੇ ਮੈਥੋਂ ਨਹੀਂ ਗਰੀਬਾਂ ਦੀ ਵਾਰੀ ਖ਼ਰਾਬ ਹੁੰਦੀ ਮੈਂ ਵੀ ਮੱਜ੍ਹਬੀ ਦਾ ਪੁੱਤ ਹਾਂ ਫਿਰ ਕੀ ਹੋ ਗਿਆ ਮੈਂ ਇਨ੍ਹਾਂ ਦੇ ਖੇਤਾਂ ਵਿੱਚ ਕੰਮ ਕਰਦਾ ਹਾਂ। ਇਨ੍ਹਾਂ ਦਾ ਤਾਂ ਨਹੀਂ ਬਣ ਗਿਆ।

ਜਵਾਹਰ ਸਿੰਘ : ਸਾਲਾ ਚੁੱਪ ਨਹੀਂ ਕਰਦਾ ਗਿੱਚੀ ਨੂੰ ਮਰੋੜ ਕੇ ਚਵੜ-ਚਵੜ ਮਾਰੀ ਜਾਂਦਾ।

ਸੁਦਾਗਰ ਸਿੰਘ : ਮੁੰਡੇ ਨਾਹਰੇ ਨੂੰ ਛਡਾਉਂਦਾ ਹੈ ਤੇ ਆਖਦਾ ਹੈ ਨਾਹਰੇ ਪੁੱਤ ਤੂੰ ਕੰਮ ਤੇ ਜਾ ਆਪਾ ਨੂੰ ਸਾਰੀ ਉਮਰ ਇਨ੍ਹਾ ਦੇ ਖੇਤਾਂ ਵਿਚ ਹੀ ਕੰਮ ਕਰਨਾ ਪਵੇਗਾ। ਚੱਲ ਜਵਾਹਰ ਸਿੰਹਾਂ ਬੈਠ ਸਕੂਟਰ ਤੇ ਆਪਾਂ ਮੁਖਤਿਆਰ ਸਿੰਹੁ ਦੇ ਘਰ ਚੱਲੀਏ।(ਸਕੂਟਰ ਦੀ ਆਵਾਜ਼) ਹੋਲੀ ਤੋਰ ਵੱਖੀਆਂ ਭੰਨੀ ਜਾਣਾ। ਓਏ ਹੋਲੀ ਤਾਂ ਤੋਰੀ ਜਾਣਾ, ਸੜਕ ਟੁੱਟੀ ਪਈ ਆ।



**ਦ੍ਰਿਸ਼ ਛੇ (ਮੁਖਤਿਆਰ ਸਿੰਘ ਦੇ ਘਰ ਦਾ ਦ੍ਰਿਸ਼ )**

ਸੁਦਾਗਰ ਸਿੰਘ : (ਸਕੂਟਰ ਰੁਕਣ ਦੀ ਆਵਾਜ਼) ਲੈ ਓ ਬੈਠਾ ਮੁਖਤਿਆਰ ਸਿੰਹੁ।

ਮੁਖਤਿਆਰ ਸਿੰਘ : ਆਜੋ ਲੰਘ ਆਓ।

ਸੁਦਾਗਰ ਸਿੰਘ : ਪਿਓ-ਪੁੱਤ ਕੀ ਕਰੀ ਜਾਨੇ ਹੋਂ ?

ਮੁਖਤਿਆਰ ਸਿੰਘ : ਸੁਦਾਗਰ ਸਿੰਹਾਂ ਅੱਜ ਫੇਰ ਸਰਦਾਰ ਬਖਤੌਰ ਸਿੰਹੁ ਨੇ ਪਾਣੀ ਲੱਗਣ ਨਹੀਂ ਦਿੱਤਾ।

ਕਾਲਾ : ਬਾਪੂ ਇਕ ਪਾਸਾ ਕਰਨਾ ਪਊ ਅੱਜ ਫਿਰ ਮੇਰਾ ਪਾਣੀ ਸਰਦਾਰ ਨੇ ਲਗਣ ਨਹੀਂ ਦਿੱਤਾ।

ਮੁਖਤਿਆਰ ਸਿੰਘ : ਨਹੀਂ ਪੁੱਤ ਇਸ ਤਰ੍ਹਾਂ ਨਹੀਂ ਕਰਨਾ।

ਸੁਦਾਗਰ ਸਿੰਘ : ਕੀ ਹੋਇਆ ਮੁਖਤਿਆਰ ਸਿੰਹਾਂ ਰੌਲਾ ਪਾਇਆ।

ਮੁਖਤਿਆਰ ਸਿੰਘ : ਕਾਹਨੂੰ ਸੁਦਾਗਰ ਸਿਹਾਂ ਐਤਕੀਂ ਫਿਰ ਸਰਦਾਰ ਬਖਤੌਰ ਸਿੰਹੁ ਨੇ ਆਪਣੀ ਪਾਣੀ ਦੀ ਵਾਰੀ ਲੱਗਣ ਨਹੀਂ ਦਿੱਤੀ ਤੇ ਕਾਲਾ ਆਪਣਾ ਕਹਿੰਦਾ ਹੁਣ ਤਾਂ ਮੈਂ ਇਕ ਪਾਸਾ ਕਰਕੇ ਹੀ ਹਟੂ।

: ਤੰਦੂਰ ਵਿਚ ਪਈਆਂ ਲੱਕੜਾਂ ਭਾਂਬੜ ਬਣ ਕੇ ਮੱਚ ਉੱਠੀਆਂ ਤੇ ਅੱਗ ਦਾ ਭਾਂਬੜ ਹੁਣ ਤੰਦੂਰ ਦੀਆਂ ਛੱਤਾਂ ਪਾਰ ਕਰ ਗਿਆ ਸੀ।

ਜਵਾਹਰ ਸਿੰਘ : ਕਾਹਨੂੰ ਕੁੜੀ ਵਿਆਹੁਣ ਵਾਲੀ ਆ। ਹੁਣ ਤੰਦੂਰ ਦੀ ਅੱਗ ਕੁਝ ਮੱਧਮ ਪੈ ਗਈ ਤੇ ਭਾਂਬੜ ਇਕ ਦਮ ਤੰਦੂਰ ਦੀਆਂ ਛੱਤਾਂ ਦੇ ਵਿਚ ਹੀ ਲੁਕ ਗਿਆ।

ਮੁਖਤਿਆਰ ਸਿੰਘ : ਇਹੀ ਤਾਂ ਮੈਂ ਇਹਨੂੰ ਸਮਝਾਉਂਦਾ ਹਾਂ ਜੇ ਇਹ ਕੰਮ ਕਰਨਾ ਹੁੰਦਾ ਤਾਂ ਇਹ ਸਰਦਾਰ ਮੈਥੋਂ ਭੱਜਿਆ ਥੋੜੋ ਸੀ।

ਸੁਦਾਗਰ ਸਿੰਘ : ਮੁਖਤਿਆਰ ਸਿਹਾਂ ਆਪਣੇ ਕੋਲ ਜ਼ਮੀਨ ਥੋੜੀ ਹੈ ਤੇ ਇਹ ਸਰਦਾਰ ਤੋਂ ਉਹ ਵੀ ਜਰੀ ਨਹੀਂ ਜਾਂਦੀ ਪਰ ਆਪਾਂ ਸੰਭਲ ਕੇ ਚਲਣਾ ਕਿਤੇ ਕੋਈ ਗਲਤ ਕੰਮ ਕਰਕੇ ਜ਼ਮੀਨ ਨਾ ਗਵਾਹ ਬੈਠੋ ਜੇ। ਤੂੰ ਨੰਬਰਦਾਰ ਕੋਲੇ ਜਾ ਉਹ ਸੱਚੀ ਗੱਲ ਤੇ ਪਹਿਰਾ ਦੇਣ ਵਾਲਾ ਆ। ਬੇ ਧੜਕ ਬੰਦਾ। (ਸੀਨ ਕਰੇਟ) ਸਕੂਟਰ ਤੇ ਜਾਂਦਾ ਹੈ (ਸਕੂਟਰ ਦੀ ਅਵਾਜ਼)।

**ਦ੍ਰਿਸ਼ ਸੱਤ (ਸ. ਟੇਕ ਸਿੰਘ ਨੰਬਰਦਾਰ ਦੇ ਘਰ)**

ਟੇਕ ਸਿੰਘ ਨੰਬਰਦਾਰ : ਨੰਬਰਦਾਰ ਟੇਕ ਸਿੰਘ ਕੁਰਸੀ ਤੇ ਬਿਰਾਜਮਾਨ ਤੇ ਉਸ ਦੇ ਨਾਲ ਚੌਕੀਦਾਰ ਚਾਨਣ ਸਿੰਘ, ਮਹਿਮਾ ਅਮਲੀ ਤੇ ਦੋ ਹੋਰ ਆਦਮੀ ਬੈਠੇ ਹਨ। ਮਹਿਮਾ ਅਮਲੀ ਬੋਲਦਾ ਹੈ ਓ ਦੇਖੋ, ਮੁਖਤਿਆਰ ਸਿੰਹੁ ਵੀ ਲਾਂਗੜ ਕਸੀ ਆਉਂਦਾ ।

ਮੁਖਤਿਆਰ ਸਿੰਘ : ਸਤਿ ਸ੍ਰੀ ਅਕਾਲ ਨੰਬਰਦਾਰ ਸਾਹਿਬ

ਟੇਕ ਸਿੰਘ ਨੰਬਰਦਾਰ : ਸਤਿ ਸ੍ਰੀ ਅਕਾਲ ਮੁਖਤਿਆਰ ਸਿੰਹਾਂ ਕਿਵੇਂ ਸਵੇਰੇ-ਸਵੇਰੇ ਗੇੜੀ ਮਾਰੀ ਤੂੰ ਤਾਂ ਕੰਮ ਵਾਲਾ ਬੰਦਾ ਵੇਹਲ ਕਿਵੇਂ ਮਿਲਗੀ।

ਮੁਖਤਿਆਰ ਸਿੰਘ : ਨੰਬਰਦਾਰ ਸਾਹਿਬ ਮੈਨੂੰ ਸਰਦਾਰ ਬਖਤੌਰ ਸਿੰਹੁ ਬਹੁਤ ਤੰਗ

ਕਰਨ ਲਗ ਪਿਆ ਮੇਰੀ ਜ਼ਮੀਨ ਨੂੰ ਨਹਿਰੀ ਪਾਣੀ ਨਹੀਂ ਲੱਗਣ ਦਿੰਦਾ ਤੇ ਦੂਜਾ ਪਾਣੀ ਦੀ ਵਾਰੀ ਤੇ ਗੇੜਾ ਮਾਰਨ ਤੋਂ ਆਪਣੇ ਬੰਦਿਆ ਰਾਹੀਂ ਮੈਨੂੰ ਮਾੜਾ ਚੰਗਾ ਬੋਲਦਾ। ਮੇਰੀ ਜ਼ਮੀਨ ਹੜਪਣੀ ਚਾਹੁੰਦਾ। ਮੈਂ ਪਿੰਡ ਦੀ ਪੰਚਾਇਤ ਕੋਲ ਵੀ ਬਹੁਤ ਵਾਰੀ ਆਪਣੀ ਗੱਲ ਦਸ ਚੁੱਕਾ ਸਭ ਸਰਦਾਰ ਦੀ ਸਰਦਾਰੀ ਤੋਂ ਡਰਦੇ ਮੇਰੀ ਗੱਲ ਸੁਣ ਕੇ ਉਸ ਦੇ ਹੱਕ ਵਿਚ ਭੁਗਤ ਜਾਂਦੇ ਆ।

ਟੇਕ ਸਿੰਘ ਨੰਬਰਦਾਰ : ਮੈਨੂੰ ਪਤਾ ਮੁਖਤਿਆਰ ਸਿੰਹਾਂ ਘਬਰਾ ਨਾ। ਪਿੰਡ ਵਿਚ ਟੇਕ ਸਿੰਘ ਨੰਬਰਦਾਰ ਵੀ ਵਸਦਾ।

ਮੁਖਤਿਆਰ ਸਿੰਘ : ਤੇਰੇ ਹੁੰਦੇ ਚਿੰਤਾਂ ਕਾਹਦੀ ਨੰਬਰਦਾਰਾਂ

ਟੇਕ ਸਿੰਘ ਨੰਬਰਦਾਰ : ਮੁਖਤਿਆਰ ਸਿੰਹਾਂ ਮੈਨੂੰ ਸਾਰੀ ਗੱਲ ਦਾ ਪਤਾ ਆ। ਨੰਬਰਦਾਰ ਵਾਅਦ ਦੇ ਬਹੁਤ ਪੱਕੇ ਹੁੰਦੇ ਆ ਮੁਖਤਿਆਰ ਸਿੰਹਾਂ ਗੱਲ ਤਾਂ ਪਤਾਲ ਵਿੱਚੋ ਨਿਕਲ ਆਉਂਦੀ ਹੈ। ਸਾਡੇ ਮਨ ਵਿਚ ਕੋਈ ਚੋਰ ਨਹੀ ਛੁਪਿਆ ਹੁੰਦਾ ਸਗੋਂ ਚੋਰਦੇ ਮਨਾਂ ਵਿਚ ਅਸੀਂ ਛੁਪੇ ਹੁੰਦੇ ਆਂ। ਸਾਨੂੰ ਸਾਰੇ ਪਿੰਡ ਦਾ ਭੇਤ ਹੁੰਦਾ ਹੈ। ਸਰਦਾਰ ਬਖਤੌਰ ਸਿੰਹੁ ਦਾ ਤੁਹਾਨੂੰ ਗਰੀਬਾਂ ਨੂੰ ਤੰਗ ਕਰਨਾਂ ਚੰਗੀ ਗੱਲ ਨਹੀਂ

ਮੁਖਤਿਆਰ ਸਿੰਘ : ਨੰਬਰਦਾਰਾਂ ਸਰਦਾਰ ਬਖਤੌਰ ਸਿੰਹੁ ਹੱਦੋਂ ਵੱਧ ਦੁਖੀ ਕਰਨ ਲੱਗ ਪਿਆ। ਮੈਂ ਤਾਂ ਦੁੱਖ ਸਹਿਣ ਕਰ ਲੈਣਾਂ ਪਰ ਮੇਰੇ ਮੁੰਡੇ ਸਰਦਾਰ ਬਖਤੌਰ ਸਿੰਹੁ ਦੀਆਂ ਤਕਲੀਫ਼ਾਂ ਨੂੰ ਨਹੀਂ ਸਹਿਣ ਕਰਨਗੇ। ਕਿਤੇ ਕੋਈ ਹਰਖ ਵਿਚ ਪੁੱਠਾ ਕੰਮ ਨਾ ਕਰ ਬੈਠਣ

ਟੇਕ ਸਿੰਘ ਨੰਬਰਦਾਰ : ਮੁੰਡੇ ਨੂੰ ਸਮਝਾਈ ਕੁੱਝ ਹਰਖ ਵਿਚ ਕਰ ਨਾ ਬੈਠਣ ਫਿਰ ਸਮਾਂ ਹੱਥ ਨਹੀਂ ਆਉਣਾ।ਗਰਮ ਖੂਨ ਆ ਮੁੰਡੇ ਦਾ

ਚਾਨਣ ਚੌਕੀਦਾਰ : ਮੁਖਤਿਆਰ ਸਿੰਹਾਂ ਤੇਰੀ ਬੋਲੀ ਜ਼ਰੂਰ ਕੌੜੀ ਤੇ ਖਰ੍ਹਵੀ ਆ ਪਰ ਦਿਲ ਦਾ ਤੂੰ ਸਾਫ ਆ।

ਮਹਿਮਾ ਅਮਲੀ : (ਚਿਲਮ ਪੀਂਦਾ ਹੋਇਆ ਬੋਲਦਾ) ਤਾਈਂ ਤਾਂ ਮੁਖਤਿਆਰ ਸਿੰਹੁ ਘੋੜੇ ਵਰਗਾ ਪਿਆ।

ਮੁਖਤਿਆਰ ਸਿੰਹੁ : ਨੰਬਰਦਾਰਾਂ ਅਸੀਂ ਟੋਭੇ ਦਾ ਪਾਣੀ ਪੀ ਕੇ ਤੇ ਭੱਖੜਾ ਖਾ ਕੇ ਜ਼ਮੀਨਾਂ ਰੱਖੀਆਂ ਹਨ। ਸਾਡੇ ਜਿਉਂਦੇ ਜੀਅ ਸਾਡੀ ਜ਼ਮੀਨ ਵਿਚ ਮੈਂ ਸਰਦਾਰ ਦਾ ਹਲ਼ ਨਹੀਂ ਚਲਣ ਦੇਣਾ।

ਮਹਿਮਾ ਅਮਲੀ : ਆ ਕੀਤੀ ਮੁਖਤਿਆਰ ਸਿੰਹੁ ਨੇ ਸਿਰੇ ਦੀ ਗੱਲ। ਸਵਾਦ ਆ ਗਿਆ ਸੁਣਨ ਦਾ। ਮੁਖਤਿਆਰ ਸਿੰਹਾਂ ਸਰਦਾਰਾਂ ਤੇ ਯਕੀਨ ਨਾ ਕਰੀਏ (ਚਿਲਮ ਪੀਂਦਾ ਹੋਇਆ) ਸਰਮਾਏਦਾਰ ਮਜ਼ਦੂਰਾਂ ਨੂੰ ਟਰਾਲੀ ਦੇ ਵਿਡਾਂ ਦੀ ਤਰ੍ਹਾਂ ਵਰਤਦੇ ਹਨ ਜਦੋਂ ਲੋੜ ਹੈ ਤਾਂ ਵਰਤ ਲੋ ਨਹੀਂ ਤਾਂ ਲਾ ਕੇ ਪਾਸੇ ਰੱਖ ਦਿਉ। ਕਿਉਂ ਗੁਰਜੰਟ ਸਿੰਹਾਂ ਠੀਕ ਆ ਗੱਲ ਮੇਰੀ

ਗੁਰਜੰਟ ਸਿੰਘ : ਮੈਂ ਜੱਟਾਂ ਦਾ ਪੁੱਤ ਹੋ ਕੇ ਦਿਹਾੜੀ ਕਰਕੇ ਰੋਟੀ ਖਾਂਦਾ ਹਾਂ ਤੇ



ਮੈ ਵੀ ਸਰਮਾਏਦਾਰਾਂ ਦੀ ਪਰਵਾਹ ਨਹੀਂ ਕਰਦਾ। ਮੈਨੂੰ ਮੇਰੇ ਸਕੇ ਸੰਬੰਧੀ ਵਿਆਹ ਸ਼ਾਦੀ ਤੇ ਨਹੀਂ ਬਲਾਉਂਦੇ ਤੇ ਆਖਦੇ ਛੱਡੋ ਦਿਹਾੜੀਦਾਰ ਤੋਂ ਕੀ ਕਰਾਉਣਾ ਤੇ ਮੁਖਤਿਆਰ ਸਿੰਹਾਂ ਤੁਹਾਡੇ ਭਾਈਚਾਰੇ ਦੇ ਲੋਕ ਮੈਨੂੰ ਹਰ ਪ੍ਰੋਗਰਾਮ 'ਤੇ ਅੱਗੇ ਰੱਖਦੇ ਹਨ।

ਟੇਕ ਸਿੰਘ ਨੰਬਰਦਾਰ : ਗੁਰਜੰਟ ਸਿੰਹਾਂ ਕੰਮ ਕਰਨਾ ਕੋਈ ਮਾੜੀ ਗੱਲ ਨਹੀਂ ਗੁਰੂਆਂ ਨੇ ਵੀ ਸੱਚੀ ਕਿਰਤ ਕਰਨ ਲਈ ਪ੍ਰੇਰਿਤ ਕੀਤਾ ਹੈ। ਬਾਬੇ ਨਾਨਕ ਨੇ ਆਪ ਹਲ ਚਲਾਇਆ ਹੈ। ਸਾਰੇ ਜਾਤਾਂ ਤੇ ਧਰਮਾਂ ਦੇ ਲੋਕਾਂ ਨੂੰ ਆਪਸਮੇ ਮਿਲਕੇ ਰਹਿਣਾ ਚਾਹੀਦਾ ਹੈ। ਇਹ ਮੇਲ ਮਿਲਾਪ ਹੀ ਸੱਚਾ ਅੰਮ੍ਰਿਤ ਹੈ।

ਗੁਰਜੰਟ ਸਿੰਘ : ਮੁਖਤਿਆਰ ਸਿੰਹਾਂ ਜ਼ਮੀਨ ਨਾਂ ਗਵਾਈ ਕਿਸੇ ਸਰਦਾਰ ਦੀਆਂ ਮਿੱਠੀਆਂ ਗੱਲਾਂ ਵਿਚ ਨਾ ਆ ਜਾਵੀ।

ਮੁਖਤਿਆਰ ਸਿੰਘ : ਮੈਂ ਕਬੂਤਰ ਨਾਹੀਂ ਕਿ ਬਿੱਲੀ ਨੂੰ ਦੇਖ ਕੇ ਅੱਖਾਂ ਮੀਚ ਲਾਵਾਂਗਾ।

ਮਹਿਮਾ ਅਮਲੀ : ਜੇ ਅੱਖ ਨਹੀਂ ਮੀਚਦਾ ਤਾਂ ਹੀ ਸਰਦਾਰਾਂ ਤੋਂ ਜ਼ਮੀਨ ਬਚਾਈ ਬੈਠਾ ਹਾਂ ਮੁਖਤਿਆਰ ਸਿੰਹਾਂ ਨਹੀਂ ਤਾਂ ਸਰਦਾਰ ਨੇ ਤੇਰੀ ਜ਼ਮੀਨ ਨੂੰ ਇਉ ਖਾ ਜਾਣਾ ਸੀ ਜਿਵੇਂ ਬਿੱਲੀ ਕਬੂਤਰ ਨੂੰ ਖਾ ਜਾਂਦੀ ਹੈ।

ਮੁਖਤਿਆਰ ਸਿੰਘ : ਨੰਬਰਦਾਰਾ ਕੁੜੀ ਜਵਾਨ ਆ ਤੇ ਵਿਆਹ ਵੀ ਕਰਨਾ ਹੈ ਫਸਲਾਂ ਹੁੰਦੀਆਂ ਨਹੀਂ ਉਧਰੋਂ ਸਰਦਾਰ ਬਖਤੌਰ ਸਿੰਹੁ ਨੇ ਅੱਤ ਚੱਕੀ ਹੋਈ ਆ।ਬਸ ਮੈਂ ਤਾਂ ਇਹੀ ਗੱਲ ਕਰਨ ਆਇਆ ਸੀ ਮੈਂ ਚਲਦਾ ਹਾਂ।

**ਦ੍ਰਿਸ਼ ਅੱਠ** (**ਸਰਦਾਰ ਬਖਤੌਰ ਸਿੰਘ ਦਾ ਘਰ**)

ਕੌਲੀ-ਚੱਟ (ਇਕਬਾਲ ਸਿੰਘ): ਸਤਿ ਸ੍ਰੀ ਅਕਾਲ ਸਰਦਾਰ ਸਾਹਿਬ

ਬਖਤੌਰ ਸਿੰਘ : ਹਾਂ ਕੀ ਖ਼ਬਰ ਲਿਆਇਆ

ਕੌਲੀ-ਚੱਟ (ਇਕਬਾਲ ਸਿੰਘ): ਸਰਦਾਰ ਬਖਤੌਰ ਸਿੰਹਾਂ ਮੁਖਤਿਆਰ ਦੀ ਕੁੜੀ ਦਾ ਵਿਆਹ ਆ।

ਬਖਤੌਰ ਸਿੰਘ : ਸਿਰ ਹਲਾ ਕੇ ਦੱਬਵੀ ਅਵਾਜ਼ ਵਿਚ ਹੁਣ ਆਈ ਆ ਗਈ ਬੋਤੀ ਬੋਹੜ ਥੱਲੇ।

**ਦ੍ਰਿਸ਼ ਨੌਂ** (**ਬਾਜ਼ਾਰ ਵਿਚ ਮੰਡੀ ਦਾ ਦ੍ਰਿਸ਼**)

ਬਖਤੌਰ ਸਿੰਘ : ਸਤਿ ਸ੍ਰੀ ਅਕਾਲ ਸਰਦਾਰ ਵਿਰਥਾ ਸਿੰਹਾਂ

ਵਿਰਥਾ ਸਿੰਘ ਆੜਤੀਆ : ਸਤਿ ਸ੍ਰੀ ਅਕਾਲ ਸਰਦਾਰ ਬਖਤੌਰ ਸਿੰਹਾਂ ਅੱਜ ਕਿਵੇਂ ਆਉਣੀ ਹੋਈ।

ਬਖਤੌਰ ਸਿੰਘ : ਯਾਰ ਮੇਰੀ ਜ਼ਮੀਨ ਦੇ ਨਾਲ ਮੁਖਤਿਆਰ ਮੱਜ੍ਹਬੀ ਦੀ ਜ਼ਮੀਨ ਲੱਗਦੀ ਆ ਤੇ ਉਸ ਦੀ ਲੜਕੀ ਦਾ ਵਿਆਹ ਹੈ ਤੁਸੀਂ ਉਸ

ਨੂੰ ਕੋਈ ਰੁਪਏ ਨਹੀਂ ਦੇਣੇ। ਬਾਕੀ ਗੱਲ ਸਮਝਦੇ ਹੋ ਤੁਸੀਂ ਸਿਆਣੇ ਹੋ।

ਆੜਤੀਆ ਵਿਰਥਾ ਸਿੰਘ : ਹਾਂ, ਸਮਝ ਗਿਆ ਹੁਣ ਤਾਂ ਬਿਲਕੁਲ ਨਹੀ ਦਿੰਦਾ ਸਰਦਾਰ ਬਖਤੌਰ ਸਿੰਹਾਂ

ਆੜਤੀ ਦਾ ਨੌਕਰ ਰਾਮੂੰ : ਸਾਰੀ ਗੱਲ ਕੰਮ ਕਰਦਾ ਹੋਇਆ ਸੁਣ ਲੈਂਦਾ ਹੈ ਤੇ ਉਦਾਸ ਚਿਹਰਾ ਕਰ ਲੈਂਦਾ ਹੈ। ਮਨ ਵਿਚ ਸੋਚਦਾ ਹੈ ਇਹ ਸਰਦਾਰ ਕਿਸੇ ਦੇ ਸੱਕੇ ਨਹੀਂ ਹੁੰਦੇ।

ਮੁਖਤਿਆਰ ਸਿੰਘ : ਸਤਿ ਸ੍ਰੀ ਅਕਾਲ ਵਿਰਥਾ ਸਿੰਹਾਂ

ਵਿਰਥਾ ਸਿੰਘ ਆੜਤੀਆ : (ਕੁੱਝ ਦੱਬਵੀਂ ਆਵਾਜ਼ ਵਿਚ ਥੋੜਾ ਜਿਹਾ ਸਿਰ ਹਲਾ ਕੇ) ਠੀਕ ਆ ਕਿਵੇਂ ਆਉਣੀ ਹੋਈ ? (ਤਿਊੜੀ ਪਾ ਕੇ ਰੋਹਬ ਵਿਚ)

ਮੁਖਤਿਆਰ ਸਿੰਘ : ਵਿਰਥਾ ਸਿੰਹਾਂ ਆਪਣੀ ਧੀ ਦਾ ਵਿਆਹ ਤੇ ਕੁੱਝ ਰੁਪਏ ਦੀ ਲੋੜ ਆ। ਤੈਨੂੰ ਪਤਾ ਧੀਆਂ ਤਾਂ ਸਾਰਿਆਂ ਦੀਆਂ ਸਾਂਝੀਆਂ ਹੁੰਦੀਆਂ।

ਵਿਰਥਾ ਸਿੰਘ ਆੜਤੀਆ : ਦੇਖ ਮੁਖਤਿਆਰ ਸਿੰਹਾਂ ਰੁਪਏ ਤੇਰੇ ਸਿਰ ਅੱਗੇ ਵੀ ਹਨ ਤੇਰੇ ਕੋਲੋ ਪਹਿਲਾਂ ਵਾਲੇ ਤਾਂ ਮੁੜੇ ਨਹੀਂ ਅੱਗੋਂ ਤੂੰ ਹੋਰ ਮੰਗ ਕਰਦਾ ਆ। ਨਾ ਵੀ ਸਾਫ਼ ਜਵਾਬ ਆ

ਮੁਖਤਿਆਰ ਸਿੰਘ : ਦੇਖ ਵਿਰਥਾ ਸਿੰਹਾਂ ਆਪਾਂ ਕਦੇ ਤੇਰੇ ਹਿਸਾਬ ਵਿਚ ਫਰਕ ਨਹੀਂ ਪਾਇਆ ਜਿਹੜੀ ਫਸਲ ਹੁੰਦੀ ਆ ਤੇਰੀ ਆੜਤ ਤੇ ਆਉਂਦੀ ਆ। ਪਿਛਲੇ 12 ਸਾਲਾਂ ਤੋਂ ਕਦੇ ਤੈਥੋਂ ਭੱਜੇ ਨਹੀਂ। ਫਸਲਾਂ ਘੱਟ ਹੋਈ ਆ ਤੇਰੇ ਸਾਰੇ ਰੁਪਏ ਸਮੇਤ ਵਿਆਜ ਮੋੜਾਂਗੇ ਐਤਕੀਂ ਧੀ ਦਾ ਵਿਆਹ ਤੇ ਤੂੰ ਜਰੂਰ ਸਾਡੀ ਮੱਦਦ ਕਰ।

ਵਿਰਥਾ ਸਿੰਘ ਆੜਤੀਆ : ਨਾ ਬਾਈ ਸਾਫ਼ ਜਵਾਬ (ਤਿਊੜੀ ਪਾ ਕੇ )

ਮੁਖਤਿਆਰ ਸਿੰਘ : ਦੁਕਾਨ 'ਚ ਬਾਹਰ ਆਉਂਦਾ ਹੋਇਆ ਤੇ ਆੜਤੀ ਦਾ ਨੌਕਰ ਨਾਲ ਗੱਲਬਾਤ

ਆੜਤੀਏ ਦਾ ਨੌਕਰ ਰਾਮੂੰ : ਮੁਖਤਿਆਰ ਸਿੰਹਾਂ ਮੈ ਤੈਨੂੰ ਦੱਸਦਾ ਸਾਰੀ ਗੱਲ ਤੇਰੀ ਜ਼ਮੀਨ ਦਾ ਗੁਆਂਢੀ ਸਰਦਾਰ ਬਖਤੌਰ ਸਿੰਹੁ ਆਇਆ ਸੀ ਤੇ ਸਰਦਾਰ ਵਿਰਥਾ ਸਿੰਹੁ ਨੂੰ ਨਾਂਹ ਕਰਵਾ ਗਿਆ।

ਮੁਖਤਿਆਰ ਸਿੰਘ : ਅੱਛਾ! ਉਹ ਤਾਂ ਉਸ ਨੇ ਬਹੁਤ ਮਾੜਾ ਕੀਤਾ।

ਰਾਮੂੰ (ਆੜਤੀਏ ਦਾ ਨੌਕਰ) : ਮੁਖਤਿਆਰ ਸਿੰਹਾਂ ਸਰਦਾਰ ਨੇ ਜਿਹੜੀ ਕਰਨੀ ਸੀ ਕਰ ਦਿੱਤੀ। ਆ ਲੈ ਆਪਣੀ ਧੀ ਵਾਸਤੇ 200 ਰੁਪਏ ਸ਼ਗਨ ਤੇ 30 ਕਿਲੋ ਚਾਵਲ ਇਹ ਅੱਜ ਦੇ ਦਿਨ ਦੀ ਮਿਹਨਤ ਦੇ ਹਨ। ਮੋੜੀ ਨਾ ਵੱਡਾ ਭਰਾ ਸਮਝ ਕੇ ਫੜ ਲੈ। ਧੀਆਂ ਸਾਰਿਆ ਦੀਆਂ ਸਾਂਝੀਆਂ ਹੁੰਦੀਆ ਹਨ।

**ਦ੍ਰਿਸ਼ ਦਸ**

ਨਿਹਾਲ ਕੌਰ : ਦੇਖੋ ਜੀ, ਝੋਟਾ ਸੰਗਲ ਤੜਾ ਗਿਆ। ਬੰਨੋ ਉਸ ਨੂੰ ਕਾਬੂ



ਨਹੀਂ ਆ ਰਿਹਾ।

ਮੁਖਤਿਆਰ ਸਿੰਘ : ਨਿਹਾਲ ਕੁਰੇ ਕਾਲੇ ਨੂੰ ਰੋਟੀ ਬੰਨ ਦਿਉ ਪਾਣੀ ਦੀ ਵਾਰੀ ਤੇ ਜਾਣਾ ਹੈ ਮੈਂ ਆਪੇ ਝੋਟੇ ਨੂੰ ਬੰਨ ਦਿਉਂਗਾ।

ਨਿਹਾਲ ਕੌਰ : ਤਿਆਰ ਆਝੋਲੇ ਵਿੱਚ ਪਾਈ ਹੋਈ ਆ, ਨੀ ਜੱਸ ਕੁਰੇ ਮੁੰਡੇ ਨੂੰ ਰਟੀ ਫੜਾ ਦੇ ਖੇਤ ਜਾਣਾ

**ਦ੍ਰਿਸ਼ ਗਿਆਰਾਂ** (**ਖੇਤ ਦਾ ਦ੍ਰਿਸ਼, ਟੀ.ਟੀ.ਟੀ ਅਤੇ ਡੱਡੂਆਂ ਦੀਆਂ ਅਵਾਜ਼ਾਂ ਆਉਂਦੀਆਂ ਹਨ**)

ਸਰਦਾਰ ਬਖਤੌਰ ਸਿੰਘ : ਸਰਦਾਰ ਬਖਤੌਰ ਸਿੰਘ ਆਪਣੇ ਬੰਦਿਆਂ ਨੂੰ ਸ਼ਰਾਬ ਪਿਆ ਕੇ ਮੁਖਤਿਆਰ ਸਿੰਘ ਦੇ ਗੱਲ ਪਵਾਉਂਦਾ ਹੈ। ਮੁਖਤਿਆਰ ਮੱਜ਼ਬੀ ਦੀ ਕੁੜੀ ਦਾ ਵਿਆਹ ਹੈ ਤੇ ਹਰ ਮੁਸੀਬਤ ਖੜੀ ਕਰੋ।

ਕਾਲਾ ਸਿੰਘ : (ਪਾਣੀ ਦੀ ਵਾਰੀ ਤੇ ਜਾਂਦਾ ਹੋਇਆ ਤੇ ਸਰਦਾਰ ਬਖਤੌਰ ਸਿੰਘ ਦੇ ਬੰਦਿਆ ਦਾ ਗਲ ਪੈ ਜਾਣਾ) ਕਾਲਾ ਸਿੰਘ ਹਰਖ ਵਿੱਚ ਸਰਦਾਰ ਬਖਤੌਰ ਸਿੰਘ ਦੇ ਮੁੰਡੇ ਦੇ ਕਹੀ ਮਾਰਦਾ ਤੇ ਉਸ ਦਾ ਕਾਤਲ ਕਰ ਦਿੰਦਾ ਹੈ। ਕੋਲੀ-ਚੱਟ ਆਦਮੀ ਇਹ ਦੇਖ ਕੇ ਭੱਜ ਜਾਂਦੇ ਹਨ।

**ਦ੍ਰਿਸ਼ ਬਾਰਾਂ** (**ਬਖਤੌਰ ਸਿੰਘ ਦੇ ਘਰ ਦਾ ਦ੍ਰਿਸ਼**)

ਬਖਤੌਰ ਸਿੰਘ : (ਵੈਣ ਪਾਉਂਦਾ ਹੋਇਆ) ਓਹ ਲੋਕੋਂ ਮੇਰਾ ਇੱਕ ਪੁੱਤ ਸੀ ਤੇ ਮੇਰੀ ਗ਼ਲਤੀ ਕਾਰਨ ਉਹ ਮਾਰਿਆ ਗਿਆ। ਮੇਰੇ ਕੋਲ ਏਨੀ ਜ਼ਮੀਨ ਹੈ ਪਰ ਮੇਰਾ ਕਾਲਜ਼ਾ ਅਜੇ ਭਰਿਆ ਨਹੀਂ ਤੇ ਮੈਂ ਗਰੀਬਾਂ ਦੀ ਥੋੜ੍ਹੀ ਜ਼ਮੀਨ ਨੂੰ ਨਾ ਤੱਕਦਾ ਤਾਂ ਉਹ ਮੇਰੇ ਪੁੱਤ ਨੂੰ ਨਾ ਮਾਰਦੇ। ਉਹ ਲੋਕੋਂ ਕਿਸੇ ਗਰੀਬ ਦੀ ਜ਼ਮੀਨ ਨੂੰ ਨਾ ਤੱਕੋ ਜ਼ਮੀਨ ਹਰ ਕਿਸੇ ਦੀ ਮਾਂ ਹੁੰਦੀ ਐ। ਜ਼ਮੀਨ ਹਰ ਕਿਸੇ ਦੀ ਮਾਂ ਹੁੰਦੀ ਐ।

**ਅਸਿਸਟੈਂਟ ਪ੍ਰੋਫੈਸਰ**
**ਸਰਕਾਰੀ ਮਹਿੰਦਰਾ ਕਾਜ, ਪਟਿਆਲਾ**
ਮੋ. 98789-64100

◆◆◆